# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 14.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in


Vol.11 | Augeust- 2024 | Published in Punjab | Pages 8


## ਵਿਨੇਸ਼ ਫੋਗਾਟ 'ਤੇ ਹੋਈ ਪੈਸਿਆਂ ਦੀ ਬਰਸਾਤ,



ਹਰਿਆਣਾ ਦੀ ਮਸ਼ਹੂਰ ਪਹਿਲਵਾਨ ਵਿਨੇਸ਼ ਫੋਗਾਟ ਨੂੰ ਪਾਣੀਪਤ ਦੇ ਅਜੈ ਪਹਿਲਵਾਨ ਗਰੁੱਪ ਨਾਲ ਜੁੜੇ ਨੌਜਵਾਨਾਂ ਨੇ 11 ਲੱਖ ਰੁਪਏ ਨਕਦ ਅਤੇ 2 ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ। ਇਹ ਪੇਸ਼ਕਸ਼ ਵਿਨੇਸ਼ ਫੋਗਾਟ ਦੀ ਕੁਸ਼ਤੀ ਦੇ ਪ੍ਰਤੀ ਮਿਹਨਤ ਅਤੇ ਯੋਗਦਾਨ ਦੇ ਸਨਮਾਨ ਦੇ ਰੂਪ ਵਿਚ ਦਿੱਤੀ ਗਈ ਹੈ। ਨੌਜਵਾਨਾਂ ਨੇ ਸਮਾਲਖਾ ਕਸਬੇ ਦੇ ਅੱਟਾ ਪਿੰਡ ਵਿੱਚ ਵਿਨੇਸ਼ ਦੀ ਕੁਸ਼ਤੀ ਅਕੈਡਮੀ ਖੋਲ੍ਹਣ ਦਾ ਪ੍ਰਸਤਾਵ ਵੀ ਰੱਖਿਆ ਹੈ। ਇਸ ਅਕੈਡਮੀ ਦਾ ਉਦੇਸ਼ ਅੰਤਰਰਾਸ਼ਟਰੀ ਪੱਧਰ ਦੇ ਕੁਸ਼ਤੀ ਖਿਡਾਰੀ ਤਿਆਰ ਕਰਨਾ ਹੈ, ਜਿਸ ਦੇ ਨਾਲ ਖਿਡਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਵਿਨੇਸ਼ ਫੋਗਾਟ ਵੱਲੋਂ ਇਸ ਅਕੈਡਮੀ ਵਿੱਚ ਬੱਚਿਆਂ ਨੂੰ ਸਿਖਲਾਈ ਦੇਣ ਦਾ ਪ੍ਰਸਤਾਵ ਰੱਖਿਆ ਗਿਆ ਹੈ, ਤਾਂ ਜੋ ਉਹ ਕੁਸ਼ਤੀ ਵਿੱਚ ਨਵੇਂ ਮਿਆਰ ਕਾਇਮ ਕਰ ਸਕਣ ਅਤੇ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦਿਖਾ ਸਕਣ। ਵਿਨੇਸ਼ ਫੋਗਾਟ ਖੁਦ ਵੀ ਅੰਤਰਰਾਸ਼ਟਰੀ ਪੱਧਰ ਦੇ ਕੁਸ਼ਤੀ ਮੁਕਾਬਲਿਆਂ ਵਿੱਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੀ ਹੈ ਅਤੇ ਉਸ ਕੋਲ ਕੁਸ਼ਤੀ ਦਾ ਡੂੰਘਾ ਤਜਰਬਾ ਹੈ। ਜੇਕਰ ਇਹ ਅਕੈਡਮੀ ਖੁੱਲ੍ਹ ਜਾਂਦੀ ਹੈ ਤਾਂ ਇਸ ਨਾਲ ਨਾ ਸਿਰਫ਼ ਹਰਿਆਣਾ ਬਲਕਿ ਪੂਰੇ ਦੇਸ਼ ਦੇ ਕੁਸ਼ਤੀ ਪ੍ਰਤਿਭਾਵਾਂ ਨੂੰ ਬਹੁਤ ਫ਼ਾਇਦਾ ਹੋ ਸਕਦਾ ਹੈ। ਦੱਸ ਦੇਈਏ ਕਿ ਵਿਨੇਸ਼ ਫੋਗਾਟ ਨੂੰ ਪੈਰਿਸ ਓਲੰਪਿਕ ਦੇ ਫਾਈਨਲ ਮੈਚ ਤੋਂ ਪਹਿਲਾਂ 100 ਗ੍ਰਾਮ ਜ਼ਿਆਦਾ ਵਜ਼ਨ ਕਾਰਨ ਅਯੋਗ ਕਰਾਰ ਦਿੱਤਾ ਗਿਆ ਸੀ।ਇਸ ਦੇ ਵਿਰੋਧ 'ਚ ਉਸ ਨੇ ਸਪੋਰਟਸ ਕੋਰਟ, ਯਾਨੀ ਕੋਰਟ ਆਫ ਆਰਬਿਟਰੇਸ਼ਨ ਫਾਰ ਸਪੋਰਟਸ (ਸੀ.ਏ.ਐੱਸ.) 'ਚ ਪਟੀਸ਼ਨ ਦਾਇਰ ਕੀਤੀ ਹੈ, ਜਿਸ 'ਚ ਉਸ ਨੂੰ ਚਾਂਦੀ ਦਾ ਤਮਗਾ ਦਿੱਤੇ ਜਾਣ ਦੀ ਮੰਗ ਕੀਤੀ ਗਈ ਹੈ। ਹਰਿਆਣਾ ਦੇ ਨੌਜਵਾਨਾਂ ਨੇ ਇਸ ਔਖੀ ਘੜੀ ਵਿੱਚ ਵਿਨੇਸ਼ ਫੋਗਾਟ ਦਾ ਸਾਥ ਦਿੱਤਾ ਹੈ। ਸਮਾਲਖਾ ਦੀ ਪੰਚਵਟੀ ਕਲੋਨੀ ਵਾਸੀ ਅਜੈ ਜੋ ਕਿ ਮੂਲ ਰੂਪ ਵਿੱਚ ਪਿੰਡ ਡੇਹਰਾ ਦਾ ਰਹਿਣ ਵਾਲਾ ਹੈ, ਨੇ ਵਿਨੇਸ਼ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ 11 ਲੱਖ ਰੁਪਏ ਨਕਦ ਅਤੇ 2 ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ। ਅਜੇ ਨੇ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ ਵਿਨੇਸ਼ ਦੇ ਅਯੋਗ ਹੋਣ ਦੀ ਖ਼ਬਰ ਸੁਣੀ ਹੈ, ਉਹ ਬਹੁਤ ਦੁਖੀ ਹਨ। ਉਨ੍ਹਾਂ ਨੇ ਜੰਤਰ-ਮੰਤਰ 'ਤੇ ਵੀ ਵਿਨੇਸ਼ ਦਾ ਸਮਰਥਨ ਕੀਤਾ ਸੀ। ਉਸ ਦਾ ਮੰਨਣਾ ਹੈ ਕਿ ਭਾਵੇਂ ਪੈਰਿਸ ਓਲੰਪਿਕ 'ਚ ਪ੍ਰਮਾਤਮਾ ਨੂੰ ਤਮਗਾ ਮਨਜ਼ੂਰ ਨਹੀਂ ਸੀ ਪਰ ਦੇਸ਼ ਵਿਨੇਸ਼ ਦੇ ਨਾਲ ਖੜ੍ਹਾ ਹੈ ਅਤੇ ਉਸ ਦਾ ਸਨਮਾਨ ਕਰਨਾ ਚਾਹੀਦਾ ਹੈ।ਉਨ੍ਹਾਂ ਮੁਤਾਬਕ ਇਸ ਔਖੇ ਸਮੇਂ ਵਿੱਚ ਵਿਨੇਸ਼ ਨੂੰ ਸਨਮਾਨ ਦੇ ਕੇ ਉਸ ਦਾ ਦੁੱਖ ਦੂਰ ਕਰਨਾ ਚਾਹੀਦਾ ਹੈ। ਇਸ ਲਈ ਅਸੀਂ ਸਾਰੇ ਨੌਜਵਾਨਾਂ ਨੇ ਇਕਜੁੱਟ ਹੋ ਕੇ ਵਿਨੇਸ਼ ਦੇ ਨਾਂ 'ਤੇ 11 ਲੱਖ ਰੁਪਏ ਨਕਦ ਇਕੱਠੇ ਕੀਤੇ। ਅਕੈਡਮੀ ਲਈ 2 ਏਕੜ ਜ਼ਮੀਨ ਦੇਣ ਦਾ ਵੀ ਐਲਾਨ ਕੀਤਾ। ਸਰਕਾਰ ਨੇ ਸੁਸ਼ੀਲ ਪਹਿਲਵਾਨ ਦੇ ਨਾਂ 'ਤੇ ਜ਼ਮੀਨ ਦਿੱਤੀ ਸੀ। ਇਸੇ ਤਰਜ਼ 'ਤੇ ਅਸੀਂ ਜ਼ਮੀਨ ਦੇਣ ਦੀ ਤਜਵੀਜ਼ ਰੱਖੀ ਹੈ। ਜ਼ਮੀਨ ਦੇਣ ਵਾਲੇ ਕੁਨਾਲ ਨੇ ਦੱਸਿਆ ਕਿ ਹਾਲ ਹੀ ਵਿੱਚ ਉਸ ਦੀ ਪਤਨੀ ਨੇ ਇੱਕ ਬੇਟੀ ਨੂੰ ਜਨਮ ਦਿੱਤਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਬੇਟੀ ਭਵਿੱਖ 'ਚ ਐਥਲੀਟ ਬਣੇ। ਉਹ ਖੇਡਾਂ ਦੀ ਦੁਨੀਆਂ ਵਿੱਚ ਵੀ ਦੇਸ਼ ਦਾ ਨਾਂ ਰੌਸ਼ਨ ਕਰੇ। ਵਿਨੇਸ਼ ਦੇ ਨਾਲ ਪਹਿਲਾਂ ਦੇਸ਼ ਵਿੱਚ ਸ਼ੋਸ਼ਣ ਹੋਇਆ ਹੁਣ ਇਹ ਲੜਾਈ ਪੈਰਿਸ ਓਲੰਪਿਕ ਤੱਕ ਪਹੁੰਚ ਗਈ ਹੈ। ਇਸ ਸਭ ਨੂੰ ਦੇਖਦੇ ਹੋਏ ਮੈਂ ਪਰਿਵਾਰ ਦੀ ਸਲਾਹ ਲੈ ਕੇ ਵਿਨੇਸ਼ ਨੂੰ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ।

## ਮੋਦੀ ਸਰਕਾਰ 'ਚ ਬੇਰੁਜ਼ਗਾਰੀ ਸਭ ਤੋਂ ਵੱਡਾ ਸ਼ਰਾਪ



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬੁੱਧਵਾਰ ਨੂੰ ਦੋਸ਼ ਲਗਾਇਆ ਕਿ ਮੋਦੀ ਸਰਕਾਰ ਵਿਚ ਬੇਰੁਜ਼ਗਾਰੀ ਸਭ ਤੋਂ ਵੱਡਾ ਸ਼ਰਾਪ ਹੈ ਅਤੇ ਹਰ ਸਾਲ 2 ਕਰੋੜ ਨੌਕਰੀਆਂ ਦਾ ਨਾਅਰਾ ਹਰ ਭਾਰਤੀ ਨਾਲ ਵਿਸ਼ਵਾਸਘਾਤ ਦਾ ਪ੍ਰਤੀਕ ਹੈ। ਖੜਗੇ ਨੇ ਬੇਰੁਜ਼ਗਾਰੀ ਨਾਲ ਜੁੜੀ ਇਕ ਖ਼ਬਰ ਨੂੰ ਲੈ ਕੇ ਸਰਕਾਰ 'ਤੇ ਨਿਸ਼ਾਨਾ ਸਾਧਿਆ, ਜਿਸ 'ਚ ਕਿਹਾ ਗਿਆ ਹੈ ਕਿ ਮੁੰਬਈ ਪੁਲਸ 'ਚ ਕਾਂਸਟੇਬਲ ਦੀਆਂ 1,257 ਅਸਾਮੀਆਂ ਲਈ 1.11 ਲੱਖ ਔਰਤਾਂ ਨੇ ਅਪਲਾਈ ਕੀਤਾ ਹੈ। ਕਾਂਗਰਸ ਪ੍ਰਧਾਨ ਨੇ 'ਐਕਸ' 'ਤੇ ਪੋਸਟ ਕੀਤਾ,"ਮੋਦੀ ਸਰਕਾਰ ਦੇ ਅਧੀਨ ਬੇਰੁਜ਼ਗਾਰੀ ਸਭ ਤੋਂ ਵੱਡਾ ਸ਼ਰਾਪ ਹੈ। ਮੋਦੀ ਸਰਕਾਰ ਇਕ ਹਾਸੋਹੀਣੀ ਪੀ.ਆਰ. ਮੁਹਿੰਮ ਵਜੋਂ ਸ਼ੱਕੀ ਰੁਜ਼ਗਾਰ ਡਾਟਾ ਦੀ ਵਰਤੋਂ ਕਰ ਰਹੀ ਹੈ, ਜਿਸ ਨੂੰ 'ਅਵੇਤਨ ਮਜ਼ਦੂਰੀ' ਅਤੇ 'ਪ੍ਰਤੀ ਹਫ਼ਤੇ ਇਕ ਘੰਟੇ ਦੇ ਕੰਮ' ਦੀ ਗਣਨਾ' ਕਰ ਕੇ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ।" ਉਨ੍ਹਾਂ ਕਿਹਾ,"ਮਹਾਰਾਸ਼ਟਰ 'ਚ ਜਿੱਥੇ 1.11 ਲੱਖ ਔਰਤਾਂ ਨੇ ਮੁੰਬਈ ਪੁਲਸ 'ਚ ਕਾਂਸਟੇਬਲਾਂ ਦੀਆਂ 1,257 ਅਸਾਮੀਆਂ ਲਈ ਅਰਜ਼ੀਆਂ ਦਿੱਤੀਆਂ ਸਨ, ਉਨ੍ਹਾਂ 'ਚੋਂ ਕਈਆਂ ਨੂੰ ਬੱਚਿਆਂ ਨਾਲ ਫੁੱਟਪਾਥਾਂ 'ਤੇ ਰਾਤ ਕੱਟਣ ਲਈ ਮਜ਼ਬੂਰ ਕੀਤਾ ਗਿਆ ਸੀ। ਇਹ ਬੇਰੁਜ਼ਗਾਰੀ ਦੀ ਭਿਆਨਕ ਸਥਿਤੀ ਦੀ ਯਾਦ ਦਿਵਾਉਂਦਾ ਹੈ।"


ਖੜਗੇ ਨੇ ਦਾਅਵਾ ਕੀਤਾ ਕਿ 'ਡਾਇਮੰਡ ਵਰਕਰਜ਼ ਯੂਨੀਅਨ ਗੁਜਰਾਤ' ਵੱਲੋਂ 15 ਜੁਲਾਈ ਨੂੰ ਸ਼ੁਰੂ ਕੀਤੇ ਗਏ ਖੁਦਕੁਸ਼ੀ ਨਾਲ ਸੰਬੰਧਤ ਹੈਲਪਲਾਈਨ ਨੰਬਰ 'ਤੇ ਉਨ੍ਹਾਂ ਲੋਕਾਂ ਤੋਂ 1600 ਤੋਂ ਵੱਧ ਕਾਲਾਂ ਆਈਆਂ ਹਨ, ਜਿਨ੍ਹਾਂ ਨੇ ਜਾਂ ਤਾਂ ਆਪਣੀ ਨੌਕਰੀ ਗੁਆ ਦਿੱਤੀ ਹੈ ਜਾਂ ਘੱਟ ਤਨਖਾਹ ਲੈ ਰਹੇ ਹਨ, ਜਿਸ ਕਾਰਨ ਉਨ੍ਹਾਂ ਦੇ ਘਰ ਦੀ ਆਰਥਿਕ ਹਾਲਤ ਖ਼ਰਾਬ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸੂਰਤ ਦਾ ਮਸ਼ਹੂਰ ਹੀਰਾ ਉਦਯੋਗ ਮੰਦੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੰਪਨੀਆਂ ਨੇ ਆਪਣੇ 50,000 ਕਰਮਚਾਰੀਆਂ ਲਈ '10 ਦਿਨਾਂ ਦੀ ਛੁੱਟੀ' ਦਾ ਐਲਾਨ ਕੀਤਾ ਹੈ। ਕਾਂਗਰਸ ਪ੍ਰਧਾਨ ਨੇ ਕਿਹਾ,''ਪਿਛਲੇ ਮਹੀਨੇ ਅਸੀਂ ਦੇਖਿਆ ਕਿ ਕਿਸ ਤਰ੍ਹਾਂ ਮੁੰਬਈ ਹਵਾਈ ਅੱਡੇ 'ਤੇ ਲੋਡਰ ਦੇ ਅਹੁਦੇ ਲਈ 2,216 ਖਾਲੀ ਅਸਾਮੀਆਂ ਲਈ 25,000 ਤੋਂ ਜ਼ਿਆਦਾ ਲੋਕ ਆਏ ਸਨ। ਗੁਜਰਾਤ ਦੇ ਭਰੂਚ 'ਚ ਅਜਿਹਾ ਹੀ ਭੱਜ-ਦੌੜ ਵਰਗਾ ਨਜ਼ਾਰਾ ਦੇਖਣ ਨੂੰ ਮਿਲਿਆ, ਜਿੱਥੇ ਇਕ ਨਿੱਜੀ ਕੰਪਨੀ 'ਚ 10 ਅਹੁਦਿਆਂ ਲਈ 1,800 ਲੋਕ ਪਹੁੰਚੇ।'' ਉਨ੍ਹਾਂ ਦਾਅਵਾ ਕੀਤਾ ਕਿ ਮੋਦੀ ਸਰਕਾਰ ਵੱਲੋਂ ਕੋਈ ਵੀ ਕਵਰ-ਅੱਪ ਇਸ ਤੱਥ ਨੂੰ ਨਹੀਂ ਬਦਲ ਸਕਦਾ ਕਿ ਲੱਖਾਂ ਨੌਕਰੀਆਂ ਮੰਗਣ ਵਾਲਿਆਂ ਨੂੰ ਬਹੁਤ ਘੱਟ ਨੌਕਰੀਆਂ ਨਾਲ ਰੋਜ਼ਾਨਾ ਸੜਕਾਂ 'ਤੇ ਸੰਘਰਸ਼ ਕਰਨਾ ਪੈਂਦਾ ਹੈ। ਖੜਗੇ ਨੇ ਦੋਸ਼ ਲਾਇਆ ਕਿ ਭਾਜਪਾ ਦਾ ਹਰ ਸਾਲ 2 ਕਰੋੜ ਨੌਕਰੀਆਂ ਦਾ ਨਾਅਰਾ ਹਰ ਭਾਰਤੀ ਨਾਲ ਵਿਸ਼ਵਾਸਘਾਤ ਦਾ ਪ੍ਰਤੀਕ ਹੈ।

## ਯਾਤਰੀ ਦੇ ਸਰੀਰ 'ਚੋਂ ਮਿਲੇ ਕੋਕੀਨ ਨਾਲ ਭਰੇ 63 ਕੈਪਸੂਲ



ਦਿੱਲੀ ਕੌਮਾਂਤਰੀ ਹਵਾਈ ਅੱਡੇ 'ਤੇ ਤੰਜ਼ਾਨੀਆ ਦੇ ਇਕ ਸ਼ਖ਼ਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਆਪਣੇ ਸਰੀਰ ਵਿਚ ਕੋਕੀਨ ਨਾਲ ਭਰੇ 63 ਕੈਪਸੂਲ ਲੁਕਾ ਕੇ ਲੈ ਜਾ ਰਿਹਾ ਸੀ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਸ਼ਖ਼ਸ ਨੂੰ ਤੰਜ਼ਾਨੀਆ ਤੋਂ ਅਦੀਸ ਅਬਾਬਾ ਅਤੇ ਦੋਹਾ ਹੁੰਦੇ ਹੋਏ ਦਿੱਲੀ ਪਹੁੰਚਣ 'ਤੇ ਫੜਿਆ ਗਿਆ। ਕਸਟਮ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਕਿ ਜਾਂਚ ਦੌਰਾਨ ਯਾਤਰੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੇ ਨਸ਼ੀਲੇ ਪਦਾਰਥ ਯੁਕਤ 63 ਕੈਪਸੂਲ ਨਿਗਲੇ ਹਨ। ਇਸ ਤੋਂ ਬਾਅਦ ਯਾਤਰੀ ਨੂੰ ਮੈਡੀਕਲ ਪ੍ਰਕਿਰਿਆ ਲਈ ਸਫਦਰਜੰਗ ਹਸਪਤਾਲ ਲਿਜਾਇਆ ਗਿਆ। ਇੱਥੇ ਹਸਪਤਾਲ ਦੇ ਡਾਕਟਰਾਂ ਨੇ ਉਸ ਦੇ ਸਰੀਰ ਵਿਚੋਂ 63 ਕੈਪਸੂਲ ਕੱਢੇ। ਜਦੋਂ ਇਨ੍ਹਾਂ ਕੈਪਸੂਲਾਂ ਨੂੰ ਕੱਟਿਆ ਗਿਆ ਤਾਂ ਉਨ੍ਹਾਂ ਵਿਚੋਂ 998 ਗ੍ਰਾਮ ਸਫੈਦ ਰੰਗ ਦਾ ਪਾਊਡਰ ਮਿਲਿਆ। ਜਾਂਚ ਵਿਚ ਵੇਖਿਆ ਗਿਆ ਕਿ ਉਹ ਕੋਕੀਨ ਹੈ। ਬਿਆਨ ਵਿਚ ਦੱਸਿਆ ਗਿਆ ਕਿ 998 ਗ੍ਰਾਮ ਕੋਕੀਨ ਦੀ ਅਨੁਮਾਨਤ ਕੀਮਤ 14.97 ਕਰੋੜ ਰੁਪਏ ਹੈ। ਯਾਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਨਸ਼ੀਲੇ ਪਦਾਰਥ ਨੂੰ ਜ਼ਬਤ ਕਰ ਲਿਆ ਗਿਆ ਹੈ।

## ਕੋਲਕਾਤਾ ਪੁੱਜੀ CBI ਟੀਮ, ਮਾਮਲੇ ਦੀ ਜਾਂਚ ਕੀਤੀ ਸ਼ੁਰੂ




ਪੱਛਮੀ ਬੰਗਾਲ ਦੇ ਸਰਕਾਰੀ ਹਸਪਤਾਲ 'ਚ ਬੁੱਧਵਾਰ ਸਵੇਰੇ ਪਹੁੰਚੀ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਸੀਨੀਅਰ ਅਧਿਕਾਰੀਆਂ ਦੀ ਟੀਮ ਨੇ ਮਹਿਲਾ ਡਾਕਟਰ ਨਾਲ ਕਥਿਤ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਗੱਲ ਦੀ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੀਬੀਆਈ ਟੀਮ ਵਿੱਚ ਸਿਹਤ ਅਤੇ ਫੋਰੈਂਸਿਕ ਮਾਹਿਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਟੀਮ ਆਰ.ਜੀ.ਕਾਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸੈਮੀਨਾਰ ਹਾਲ ਦਾ ਦੌਰਾ ਕਰੇਗੀ। ਇਸ ਹਾਲ ਵਿੱਚੋਂ 9 ਅਗਸਤ ਨੂੰ ਇੱਕ ਸਿਖਿਆਰਥੀ ਡਾਕਟਰ ਦੀ ਲਾਸ਼ ਬਰਾਮਦ ਹੋਈ ਸੀ। ਕੇਂਦਰੀ ਏਜੰਸੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਲਈ ਸੀਬੀਆਈ ਅਧਿਕਾਰੀਆਂ ਦੇ ਤਿੰਨ ਗਰੁੱਪ ਬਣਾਏ ਗਏ ਹਨ। ਉਹਨਾਂ ਨੇ ਦੱਸਿਆ ਕਿ, "ਇੱਕ ਸਮੂਹ ਆਰਜੀ ਕਾਰ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਦੌਰਾ ਕਰੇਗਾ, ਨਾਲ ਹੀ ਗਵਾਹਾਂ ਅਤੇ ਉਸ ਰਾਤ ਡਿਊਟੀ 'ਤੇ ਮੌਜੂਦ ਡਾਕਟਰਾਂ ਨਾਲ ਗੱਲਬਾਤ ਕਰੇਗਾ। ਇਕ ਹੋਰ ਸਮੂਹ ਗ੍ਰਿਫ਼ਤਾਰ ਵਲੰਟੀਅਰ ਨੂੰ ਡਾਕਟਰੀ ਜਾਂਚ ਤੋਂ ਬਾਅਦ ਸਥਾਨਕ ਅਦਾਲਤ ਵਿਚ ਲੈ ਜਾਵੇਗਾ ਅਤੇ ਉਸ ਦੀ ਹਿਰਾਸਤ ਲਈ ਪਟੀਸ਼ਨ ਦਾਇਰ ਕਰੇਗਾ, ਜਦਕਿ ਤੀਜਾ ਸਮੂਹ ਜਾਂਚ ਕਰ ਰਹੀ ਕੋਲਕਾਤਾ ਪੁਲਸ ਦੇ ਅਧਿਕਾਰੀਆਂ ਨਾਲ ਤਾਲਮੇਲ ਸਥਾਪਿਤ ਕਰੇਗਾ।''ਕਲਕੱਤਾ ਹਾਈ ਕੋਰਟ ਨੇ ਮੰਗਲਵਾਰ ਨੂੰ ਮਾਮਲੇ ਦੀ ਜਾਂਚ ਲਈ ਕੋਲਕਾਤਾ ਪੁਲਸ ਤੋਂ ਕੇਂਦਰੀ ਏਜੰਸੀ ਨੂੰ ਟਰਾਂਸਫਰ ਕਰਨ ਦਾ ਹੁਕਮ ਦਿੱਤਾ ਹੈ। ਸੀਬੀਆਈ ਦੇ ਇੱਕ ਸੂਤਰ ਨੇ ਦੱਸਿਆ ਕਿ ਏਜੰਸੀ ਨੇ ਡਾਕਟਰ ਦੇ ਕਥਿਤ ਬਲਾਤਕਾਰ ਅਤੇ ਕਤਲ ਦੇ ਸਬੰਧ ਵਿੱਚ ਨਵੀਂ ਦਿੱਲੀ ਵਿੱਚ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਸਬੰਧਤ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਹੈ। ਕੇਂਦਰੀ ਏਜੰਸੀ ਦੇ ਇਕ ਹੋਰ ਸੂਤਰ ਨੇ ਕਿਹਾ, ''ਅੱਜ ਸਾਡੇ ਅਧਿਕਾਰੀ ਪੀੜਤ ਮਹਿਲਾ ਡਾਕਟਰ ਅਤੇ ਉਸ ਦਿਨ ਡਿਊਟੀ 'ਤੇ ਮੌਜੂਦ ਲੋਕਾਂ ਦੇ ਫੋਨ ਦੇ ਵੇਰਵੇ ਮੰਗਣਗੇ। ਉਹ ਸਥਾਨਕ ਅਦਾਲਤ ਵਿੱਚ ਐੱਫਆਈਆਰ ਦਰਜ ਕਰ ਸਕਦੇ ਹਨ।''

# ਕਾਲਜ ਚੋਂ ਵਿਦਿਆਰਥਣ ਨੂੰ ਅਣਜਾਣ ਜਗ੍ਹਾ ਤੇ ਲੈ ਗਿਆ ਨੌਜਵਾਨ




ਨੇੜਲੇ ਇਕ ਪਿੰਡ ਵਿਖੇ ਸਥਿਤ ਇਕ ਕਾਲਜ ’ਚ ਪੜਦੀ ਲੜਕੀ ਨੂੰ ਲੁਕਾ ਛੁਪਾ ਕੇ ਕਿਸੇ ਅਣਜਾਣੀ ਜਗ੍ਹਾ ਉਪਰ ਰੱਖਣ ਦੇ ਦੋਸ਼ ਹੇਠ ਪੁਲਸ ਵੱਲੋਂ ਲੜਕੀ ਦੇ ਪਿਤਾ ਦੀ ਸ਼ਿਕਾਇਤ ਉਪਰ ਇਕ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਲੜਕੀ ਦੇ ਪਿਤਾ ਨੇ ਪੁਲਸ ਨੂੰ ਕੀਤੀ ਸ਼ਿਕਾਇਤ ’ਚ ਦੱਸਿਆ ਕਿ ਉਹ ਆਪਣੀ ਲੜਕੀ ਨੂੰ ਰੋਜਾਨਾ ਦੀ ਤਰ੍ਹਾਂ ਲੰਘੀ 7 ਅਗਸਤ ਨੂੰ ਕਾਲਜ ਵਿਖੇ ਛੱਡ ਕੇ ਆਇਆ ਸੀ ਤੇ ਜਦੋਂ ਦੁਪਹਿਰ ਢਾਈ ਵਜੇ ਉਹ ਆਪਣੀ ਲੜਕੀ ਨੂੰ ਲੈਣ ਲਈ ਕਾਲਜ ਗਿਆ ਤਾਂ ਉਸ ਦੀ ਲੜਕੀ ਨਹੀਂ ਮਿਲੀ। ਜਿਸ ਦੀ ਕਾਫ਼ੀ ਭਾਲ ਕਰਨ ਤੋਂ ਬਾਅਦ ਉਨ੍ਹਾਂ ਨੂੰ ਪਤਾ ਚੱਲਿਆ ਕਿ ਜਗਦੀਪ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਰਾਜਪੁਰਾ ਨੇ ਉਸ ਨੇ ਲੜਕੀ ਨੂੰ ਕਿਸੇ ਅਣਜਾਣ ਜਗਾ ਤੇ ਲੁਕਾ ਛੁਪਾ ਕੇ ਰੱਖਿਆ ਹੋਇਆ ਹੈ। ਪੁਲਸ ਨੇ ਲੜਕੀ ਦੇ ਪਿਤਾ ਦੇ ਬਿਆਨਾ ਦੇ ਅਧਾਰ ’ਤੇ ਜਗਦੀਪ ਸਿੰਘ ਵਿਰੁੱਧ ਮਾਮਲਾ ਦਰਜ ਕਰਕੇ ਦੋਵਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਅਚਾਨਕ ਕਰੰਟ ਲੱਗਣ ਕਾਰਨ ਮਾਂ-ਧੀ ਬੁਰੀ ਤਰ੍ਹਾਂ ਝੁਲਸੀਆਂ



ਦੀਨਾਨਗਰ ਵਿਖੇ ਅੱਜ ਮੁਹੱਲਾ ਭੀਮ ਸੈਨ ਕੋਠੇ ਵਿਖੇ ਘਰ ਦੀ ਛੱਤ 'ਤੇ ਚੜ੍ਹ ਕੇ ਸਬਜ਼ੀ ਦੀ ਵੇਲ ਸਿੱਧੀ ਕਰ ਰਹੀ ਔਰਤ ਨੂੰ ਅਚਾਨਕ ਕਰੰਟ ਲੱਗ ਗਿਆ। ਉਸ ਨੂੰ ਛੁਡਾਉਣ ਗਈ ਉਸ ਦੀ ਧੀ ਵੀ ਕਰੰਟ ਦੀ ਲਪੇਟ 'ਚ ਆਉਣ ਗਈ। ਇਸ ਘਟਨਾ ਦੋਵੇਂ ਮਾਂ-ਧੀ ਬੁਰੀ ਤਰ੍ਹਾਂ ਝੁਲਸ ਗਈਆਂ। ਜਾਣਕਾਰੀ ਅਨੁਸਾਰ ਉਕਤ ਔਰਤ ਦੇ ਮਕਾਨ ਦੇ ਨੇੜੇ ਦੀ ਬਿਜਲੀ ਦੀ 11 ਕੇਵੀ ਵੋਲਟੇਜ ਵਾਲੀ ਲਾਈਨ ਲੰਘਦੀ ਸੀ। ਇਨ੍ਹਾਂ ਵੱਲੋਂ ਆਪਣੇ ਘਰ ਦੀ ਛੱਤ ਵੱਲ ਨੂੰ ਇੱਕ ਸਬਜ਼ੀ ਦੀ ਵੇਲ ਚਾੜ੍ਹੀ ਹੋਈ ਸੀ। ਜਦੋਂ ਅਚਾਨਕ ਔਰਤ ਲੋਹੇ ਦੀ ਰਾਟ ਲੈ ਕੇ ਉਸ ਵੇਲ ਨੂੰ ਸਿੱਧੀ ਕਰ ਰਹੀ ਸੀ ਤਾਂ ਅਚਾਨਕ ਇਹ ਲੋਹੇ ਦੀ ਰਾਟ ਨੇੜੇ ਦੀ ਲੰਘ ਰਹੀਆਂ ਬਿਜਲੀ ਦੀਆਂ ਤਾਰਾਂ ਦੇ ਨਾਲ ਟੱਚ ਹੋ ਗਈ, ਜਿਸ ਕਾਰਨ ਉਸ ਨੂੰ ਕਰੰਟ ਪਿਆ ਅਤੇ ਨੇੜੇ ਖੜ੍ਹੀ ਧੀ ਵੱਲੋਂ ਵੀ ਉਸ ਨੂੰ ਛਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਵੀ ਕਰੰਟ ਦੀ ਲਪੇਟ ਵਿੱਚ ਆ ਗਈ। ਫਿਲਹਾਲ ਦੋਹਾਂ ਨੂੰ ਹਸਪਤਾਲ 'ਚ ਇਲਾਜ ਲਈ ਦਾਖ਼ਲ ਕਰਾਇਆ ਗਿਆ ਹੈ।

# ਦੇਸੀ ਪਿਸਤੌਲ, ਕਿਰਚਾਂ, ਕਿਰਪਾਨਾਂ, ਗੰਡਾਸਿਆਂ ਸਮੇਤ 5 ਗ੍ਰਿਫ਼ਤਾਰ



ਬੀਤੇ ਦਿਨੀਂ ਮੋਗਾ ਜ਼ਿਲ੍ਹੇ ਦੇ ਕਸਬਾ ਨਿਹਾਲ ਸਿੰਘ ਵਾਲਾ ਵਿਚ ਕੁੱਝ ਹੁੱਲੜਬਾਜ਼ਾਂ ਵੱਲੋਂ ਮਾਮੂਲੀ ਬਹਿਸ ਮਗਰੋਂ ਵਾਰਡ ਨੰਬਰ 10 ਵਿਚ ਗੁੰਡਾਂ-ਗਰਦੀ ਕੀਤੀ ਗਈ ਅਤੇ ਗੰਡਾਸੇ ਕਿਰਪਾਨਾਂ ਚਲਾਈਆਂ ਗਿਆ ਅਤੇ ਇਕ ਫ਼ਾਇਰ ਵੀ ਕੀਤਾ ਗਿਆ। ਇਸ ਦੌਰਾਨ ਚਲਾਈ ਗਈ ਗੋਲੀ ਬੀਰਜ ਲਾਲ ਨਾਮਕ ਵਿਅਕਤੀ ਦੇ ਪੱਟ ਵਿਚ ਲੱਗਣ ਨਾਲ ਉਹ ਜ਼ਖਮੀ ਹੋ ਗਿਆ। ਇਸ ਝਗੜੇ ਵਿਚ ਸ਼ਿਵ ਚਰਨ ਨਾਮਕ ਵਿਅਕਤੀ ਦੀ ਕੁੱਟਮਾਰ ਵੀ ਕੀਤੀ ਗਈ। ਸ਼ਿਵ ਚਰਨ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਵੱਲੋਂ ਥਾਣਾ ਨਿਹਾਲ ਸਿੰਘ ਵਾਲਾ ਵਿਖੇ 11 ਅਣਪਛਾਤੇ ਵਿਅਕਤੀਆਂ ਖ਼ਿਲ਼ਾਫ ਮੁਕੱਦਮਾ ਦਰਜ ਕੀਤਾ ਗਿਆ ਸੀ।

ਪੁਲਸ ਵੱਲੋ ਤਕਨੀਕੀ ਢੰਗ ਨਾਲ ਘਟਨਾ ਦੀ ਤਫਤੀਸ਼ ਕਰਦੇ ਹੋਏ 5 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ ਜਿਨ੍ਹਾਂ ਪਾਸੋਂ ਇਕ ਦੇਸੀ ਪਿਸਤੌਲ, ਗੰਡਾਸੇ, ਕਿਰਪਾਨਾਂ ਆਦਿ ਹਥਿਆਰ ਵੀ ਬਰਾਮਦ ਹੋਏ ਹਨ। ਇਸ ਸਭ ਦੀ ਜਾਣਕਾਰੀ ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ, ਪਰਮਜੀਤ ਸਿੰਘ ਸੰਧੂ ਨੇ ਦਿੰਦਿਆਂ ਦੱਸਿਆ ਕਿ ਬਾਕੀ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਪੁਲਸ ਦੀ ਗ੍ਰਿਫਤ ਵਿਚ ਹੋਣਗੇ। ਪੁਲਸ ਵੱਲੋ ਮੁਕੱਦਮਾ ਨੰਬਰ 121 ਮਿਤੀ ਨੂੰ 06-08-2024 ਅਧੀਨ ਧਾਰਾ 109,115,(2), 118,190,191 BNS ਥਾਣਾ ਨਿਹਾਲ ਸਿੰਘ ਵਾਲਾ ਵਿਚ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਫੜੇ ਗਏ ਦੋਸ਼ੀਆਂ ਦਾ ਪੁਲਸ ਰਿਮਾਂਡ ਲੈ ਕੇ ਪੁੱਛ ਗਿੱਛ ਕੀਤੀ ਜਾ ਰਹੀ ਹੈ।

# ਮੋਹਾਲੀ ਵਿਖੇ ਆਜ਼ਾਦੀ ਦਿਹਾੜੇ ’ਤੇ ਤਿਰੰਗਾ ਲਹਿਰਾਉਣਗੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ



ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ 15 ਅਗਸਤ 2024 ਨੂੰ ਸ਼ਹੀਦ ਮੇਜਰ (ਸ਼ੌਰਿਆ ਚੱਕਰ) ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਸਟੇਡੀਅਮ, ਮੋਹਾਲੀ ਵਿਖੇ 78ਵੇਂ ਸੁਤੰਤਰਤਾ ਦਿਵਸ ਮੌਕੇ ਤਿਰੰਗਾ ਲਹਿਰਾਉਣਗੇ। ਇਹ ਗੱਲ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਫੁੱਲ ਡਰੈੱਸ ਰਿਹਰਸਲ ਦੌਰਾਨ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਕਹੀ। ਡੀ. ਸੀ. ਆਸ਼ਿਕਾ ਜੈਨ ਦੇ ਨਾਲ ਐੱਸ. ਐੱਸ. ਪੀ. ਦੀਪਕ ਪਾਰਿਕ ਨੇ ਵੀ ਪਰੇਡ ਅਤੇ ਮਾਰਚ ਪਾਸਟ ਦਾ ਨਿਰੀਖਣ ਕੀਤਾ। ਇਸ ਮੌਕੇ ਸਮੁੱਚੇ ਸੁਰੱਖਿਆ ਇੰਤਜ਼ਾਮਾਂ ਦਾ ਜਾਇਜ਼ਾ ਲੈਣ ਲਈ ਆਈ. ਜੀ. ਪੁਲਸ ਬਾਬੂ ਲਾਲ ਮੀਣਾ, ਪਰੇਡ ਕਮਾਂਡਰ ਡੀ. ਐੱਸ. ਪੀ. ਜਤਿੰਦਰ ਚੌਹਾਨ ਦੀ ਅਗਵਾਈ ਵਿਚ ਕੀਤੇ ਗਏ ਮਾਰਚ ਪਾਸਟ ਵਿਚ ਤਿੰਨ ਪੁਲਸ ਪਲਟੂਨਾਂ ਸਮੇਤ ਮਹਿਲਾ ਪੁਲਸ, ਐੱਨ. ਸੀ. ਸੀ. ਕੈਡਿਟਸ ਅਤੇ ਵੱਖ-ਵੱਖ ਸਕੂਲਾਂ ਦੇ ਸਕੂਲੀ ਬੈਂਡ ਸ਼ਾਮਲ ਸਨ। ਕਰੀਬ 15 ਸਕੂਲਾਂ ਦੇ ਕਰੀਬ 944 ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਸਬੰਧੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੱਭਿਆਚਾਰਕ ਸਮਾਗਮ ਦੌਰਾਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੋਹਾਣਾ, ਏ. ਪੀ. ਜੇ. ਸਕੂਲ ਮੁੰਡੀ ਖਰੜ, ਜੈੱਮ ਪਬਲਿਕ ਸਕੂਲ ਮੋਹਾਲੀ, ਨੈਸ਼ਨਲ ਪਬਲਿਕ ਸਕੂਲ ਕੁਰਾਲੀ, ਲਰਨਿੰਗ ਪਾਥ ਸੈਕਟਰ-67 ਮੋਹਾਲੀ, ਸਰਕਾਰੀ ਹਾਈ ਸਕੂਲ ਕੁੰਬੜਾ, ਗੁਰੂ ਗੋਬਿੰਦ ਸਿੰਘ ਵਿੱਦਿਆ ਮੰਦਿਰ ਸੀ. ਸੈ. ਸਕੂਲ, ਰਤਵਾੜਾ ਸਾਹਿਬ ਅਤੇ ਸੇਂਟ ਸੋਲਜਰ ਸਕੂਲ ਫੇਜ਼-7 ਮੋਹਾਲੀ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਵਿਸ਼ਿਆਂ ’ਤੇ ਆਧਾਰਿਤ ਵੱਖ-ਵੱਖ ਗੀਤਾਂ ਅਤੇ ਹੋਰ ਗਤੀਵਿਧੀਆਂ ਦਾ ਪ੍ਰਦਰਸ਼ਨ ਕੀਤਾ। ਫੁੱਲ ਡਰੈੱਸ ਰਿਹਰਸਲ ਦਾ ਨਿਰੀਖਣ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ ਸਮੂਹ ਭਾਗੀਦਾਰ ਸਕੂਲਾਂ ਅਤੇ ਪ੍ਰਬੰਧਾਂ ਵਿਚ ਲੱਗੇ ਵੱਖ-ਵੱਖ ਵਿਭਾਗਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਆਜ਼ਾਦੀ ਦਿਹਾੜੇ ਦੇ ਸਮਾਗਮ ਨੂੰ ਸਫ਼ਲ ਬਣਾਉਣ ਲਈ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ।

# CM ਮਾਨ ਤੇ ਡਾ. ਸੰਦੀਪ ਪਾਠਕ ਨੇ ਆਪ ਦੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਕੀਤੀ ਮੀਟਿੰਗ




ਆਮ ਆਦਮੀ ਪਾਰਟੀ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਡਾ. ਸੰਦੀਪ ਪਾਠਕ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਦੇ ਸਾਰੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਨਾਲ ਉੱਚ ਪੱਧਰੀ ਬੈਠਕ ਕਰ ਕੇ ਉਨ੍ਹਾਂ ਦੇ ਹਲਕਿਆਂ ਵਿਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ।ਲੋਕ ਸਭਾ ਚੋਣਾਂ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਇਹ ਪਹਿਲੀ ਅਹਿਮ ਬੈਠਕ ਸੀ, ਜਿਸ ਵਿਚ ਸੰਦੀਪ ਪਾਠਕ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਦੇ ਸੀਨੀਅਰ ਨੇਤਾਵਾਂ ਨਾਲ ਬੈਠਕ ਕਰ ਕੇ ਉਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਵਿਚ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਗੱਲਬਾਤ ਕੀਤੀ ਅਤੇ ਨਾਲ ਹੀ ਉਨ੍ਹਾਂ ਨੂੰ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਲੈ ਕੇ ਜਨਤਾ ਵਿਚਕਾਰ ਜਾਣ।

# 20 ਦਿਨ ਦੀ ਛੁੱਟੀ ‘ਤੇ ਆਏ ਫੌਜੀ ਦੀ ਸੜਕ ਹਾਦਸੇ ‘ਚ ਮੌਤ



ਅੰਮ੍ਰਿਤਸਰ ਤੋਂ ਇੱਕ ਮੰਡਭਾਗੀਖਬਰ ਸਾਹਮਣੇ ਆਈ ਹੈ। ਇੱਥੇ ਛੁੱਟੀ ਉੱਤੇ ਆਏ ਇੱਕ ਫੌਜੀ ਜਾਵਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਅਵਤਾਰ ਸਿੰਘ 21 ਸਿੱਖ ਰੈਜੀਮੈਂਟ ਰਾਜਸਥਾਨ ਦੇ ਬਾਰਡਰ ਉੱਤੇ ਤਾਇਨਾਤ ਸੀ। ਜਿਸ ਦਾ ਉਸ ਦੇ ਜੱਦੀ ਸਰਹੱਦੀ ਪਿੰਡ ਅਟਾਰੀ ਦੇ ਬਾਗੜੀਆਂ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਅਵਤਾਰ ਸਿੰਘ 20 ਦਿਨ ਦੀ ਛੁੱਟੀ ਲੈ ਕੇ ਆਪਣੇ ਘਰ ਨੂੰ ਆਇਆ ਹੋਇਆ ਸੀ। ਮ੍ਰਿਤਕ ਫੌਜੀ ਅੰਮ੍ਰਿਤਸਰ ਦੇ ਪਿੰਡ ਭਕਨਾ ਵੱਲ ਐਕਟੀਵਾ ਉੱਤੇ ਸਵਾਰ ਹੋ ਕੇ ਜਾ ਰਿਹਾ ਸੀ, ਜੋ ਰਸਤੇ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਿਆ ਤੇ ਉਸਦੀ ਮੌਤ ਹੋ ਗਈ। ਮ੍ਰਿਤਕ ਫੌਜੀ ਦਾ ਪੁਲਿਸ ਪ੍ਰਸ਼ਾਸਨ ਵੱਲੋਂ ਪੋਸਟਮਾਰਟਮ ਕਰਵਾ ਕੇ ਅੰਤਿਮ ਸਸਕਾਰ ਕਰਵਾਇਆ ਗਿਆ।

# ਤ੍ਰਿਪਤੀ ਡਿਮਰੀ ਦੀ ਫ਼ਿਲਮ 'ਲੈਲਾ ਮਜਨੂੰ' ਨੇ ਰਚਿਆ ਇਤਿਹਾਸ



ਤ੍ਰਿਪਤੀ ਡਿਮਰੀ ਅਤੇ ਅਵਿਨਾਸ਼ ਤਿਵਾਰੀ ਸਟਾਰਰ ਰੋਮਾਂਟਿਕ ਡਰਾਮਾ ਫ਼ਿਲਮ 'ਲੈਲਾ ਮਜਨੂੰ' ਨੇ ਮੁੜ ਰਿਲੀਜ਼ ਹੋਣ ਤੋਂ ਬਾਅਦ ਵੀ ਬਾਕਸ ਆਫਿਸ 'ਤੇ ਧਮਾਕਾ ਮਚਾ ਦਿੱਤਾ ਹੈ। 2018 ਦੀ ਫ਼ਿਲਮ 'ਲੈਲਾ ਮਜਨੂੰ' ਹਾਲ ਹੀ 'ਚ ਸਿਨੇਮਾਘਰਾਂ 'ਚ ਦੁਬਾਰਾ ਰਿਲੀਜ਼ ਹੋਈ ਹੈ। ਫ਼ਿਲਮ 'ਲੈਲਾ ਮਜਨੂੰ' ਨੇ ਬਾਕਸ ਆਫਿਸ 'ਤੇ ਆਪਣਾ ਪਹਿਲਾ ਵੀਕੈਂਡ ਪੂਰਾ ਕਰ ਲਿਆ ਹੈ। 'ਲੈਲਾ ਮਜਨੂੰ' ਨੇ ਆਪਣੀ ਪਹਿਲੇ ਵੀਕੈਂਡ ਦੀ ਕਮਾਈ ਨਾਲ ਇਤਿਹਾਸ ਰਚ ਦਿੱਤਾ ਹੈ। 'ਲੈਲਾ ਮਜਨੂੰ' ਨੇ ਪਹਿਲੇ ਦਿਨ (ਸ਼ੁੱਕਰਵਾਰ) 30 ਲੱਖ ਰੁਪਏ ਨਾਲ ਖਾਤਾ ਖੋਲ੍ਹਿਆ ਸੀ। ਇਸ ਦੇ ਨਾਲ ਹੀ ਫ਼ਿਲਮ ਨੇ ਸ਼ਨੀਵਾਰ ਨੂੰ 75 ਲੱਖ, ਐਤਵਾਰ ਨੂੰ 1 ਕਰੋੜ ਅਤੇ ਸੋਮਵਾਰ ਨੂੰ 60 ਲੱਖ ਰੁਪਏ ਦੀ ਕਮਾਈ ਕੀਤੀ ਹੈ। ਇਸ ਦੇ ਨਾਲ ਹੀ ਸਾਲ 2018 'ਚ ਰਿਲੀਜ਼ ਹੋਈ 'ਲੈਲਾ ਮਜਨੂੰ' ਦਾ ਕਲੈਕਸ਼ਨ 2.15 ਕਰੋੜ ਰੁਪਏ ਸੀ ਅਤੇ ਮੁੜ ਰਿਲੀਜ਼ ਹੋਣ 'ਤੇ ਫ਼ਿਲਮ ਨੇ ਸਿਰਫ਼ 4 ਦਿਨਾਂ 'ਚ 2.65 ਕਰੋੜ ਰੁਪਏ ਦਾ ਕਲੈਕਸ਼ਨ ਕਰ ਲਿਆ ਹੈ। ਇਸ ਦੇ ਨਾਲ ਹੀ ਇਮਤਿਆਜ਼ ਅਲੀ ਦੇ ਭਰਾ ਸਾਜਿਦ ਅਲੀ ਨੇ ਫ਼ਿਲਮ 'ਲੈਨਾ ਮਜਨੂੰ' ਦਾ ਨਿਰਦੇਸ਼ਨ ਕੀਤਾ ਸੀ। ਉੱਥੇ ਹੀ ਫ਼ਿਲਮ ਦੀ ਕਹਾਣੀ ਅਤੇ ਸੰਗੀਤ ਨੂੰ ਇੱਕ ਵਾਰ ਫਿਰ ਪਿਆਰ ਮਿਲ ਰਿਹਾ ਹੈ।ਦੱਸ ਦੇਈਏ ਕਿ 'ਲੈਲਾ ਮਜਨੂੰ' ਸਿਰਫ਼ 75 ਸਕ੍ਰੀਨਜ਼ 'ਤੇ ਰਿਲੀਜ਼ ਹੋਈ ਹੈ। ਫ਼ਿਲਮ 'ਲੈਲਾ ਮਜਨੂੰ' ਨੇ ਪਹਿਲੇ ਵੀਕੈਂਡ 'ਚ 1.51 ਕਰੋੜ ਦਾ ਕਾਰੋਬਾਰ ਕੀਤਾ ਸੀ। ਇਸ ਦੇ ਨਾਲ ਹੀ ਫ਼ਿਲਮ ਨੇ ਸੋਮਵਾਰ ਨੂੰ 60 ਲੱਖ ਰੁਪਏ ਦਾ ਕਲੈਕਸ਼ਨ ਕੀਤਾ, ਜਿਸ ਨਾਲ ਫ਼ਿਲਮ ਦਾ 4 ਦਿਨਾਂ ਦਾ ਕਲੈਕਸ਼ਨ 2.6 ਕਰੋੜ ਰੁਪਏ ਹੋ ਗਿਆ। ਇਸ ਨਾਲ 'ਲੈਲਾ ਮਜਨੂੰ' ਨੇ ਆਪਣਾ ਪੁਰਾਣਾ ਕਮਾਈ ਦਾ ਰਿਕਾਰਡ ਤੋੜ ਦਿੱਤਾ ਹੈ। 'ਲੈਲਾ ਮਜਨੂੰ' ਸਿਰਫ 75 ਸਕ੍ਰੀਨਜ਼ 'ਤੇ ਰਿਲੀਜ਼ ਹੋਈ ਹੈ। ਫ਼ਿਲਮ 'ਲੈਲਾ ਮਜਨੂੰ ਨੇ ਪਹਿਲੇ ਵੀਕੈਂਡ 'ਚ 1.51 ਕਰੋੜ ਦਾ ਕਾਰੋਬਾਰ ਕੀਤਾ ਸੀ। ਇਸ ਦੇ ਨਾਲ ਹੀ ਫ਼ਿਲਮ ਨੇ ਸੋਮਵਾਰ ਨੂੰ 60 ਲੱਖ ਰੁਪਏ ਦਾ ਕਲੈਕਸ਼ਨ ਕੀਤਾ, ਜਿਸ ਨਾਲ ਫ਼ਿਲਮ ਦਾ 4 ਦਿਨਾਂ ਦਾ ਕਲੈਕਸ਼ਨ 2.6 ਕਰੋੜ ਰੁਪਏ ਹੋ ਗਿਆ। ਇਸ ਨਾਲ 'ਲੈਲਾ ਮਜਨੂੰ' ਨੇ ਆਪਣਾ ਪੁਰਾਣਾ ਕਮਾਈ ਦਾ ਰਿਕਾਰਡ ਤੋੜ ਦਿੱਤਾ ਹੈ। ਇਸ ਦੇ ਨਾਲ ਹੀ 'ਲੈਲਾ ਮਜਨੂੰ' ਤੋਂ ਬਾਅਦ ਅੱਜ 13 ਅਗਸਤ ਅਤੇ 14 ਅਗਸਤ ਬਾਕੀ ਹਨ। ਇਸ ਤੋਂ ਬਾਅਦ 15 ਅਗਸਤ ਦੇ ਮੌਕੇ 'ਤੇ ਸਿਨੇਮਾਘਰਾਂ 'ਚ 'ਸਟਰੀ 2', 'ਖੇਲ-ਖੇਲ ਮੇਂ', 'ਵੇਦਾ', ਸਾਊਥ ਫ਼ਿਲਮ 'ਡਬਲ ਆਈਸਮਾਰਟ' ਵਰਗੀਆਂ ਸਭ ਤੋਂ ਉਡੀਕੀਆਂ ਗਈਆਂ ਫ਼ਿਲਮਾਂ ਰਿਲੀਜ਼ ਹੋਣ ਜਾ ਰਹੀਆਂ ਹਨ। ਇਸ ਦੇ ਨਾਲ ਹੀ ਹਿੰਦੀ 'ਚ ਸਭ ਤੋਂ ਵੱਡੀ ਚਰਚਾ ਡਰਾਉਣੀ ਕਾਮੇਡੀ ਫ਼ਿਲਮ 'ਸਟਰੀ 2' ਨੂੰ ਲੈ ਕੇ ਹੈ। ਫ਼ਿਲਮ ਨੇ ਇੱਕ ਲੱਖ ਟਿਕਟਾਂ ਵੇਚੀਆਂ ਹਨ। ਅਜਿਹੇ 'ਚ ਹੁਣ 'ਲੈਲਾ ਮਜਨੂੰ' ਕੋਲ ਕਮਾਈ ਕਰਨ ਲਈ ਸਿਰਫ਼ 2 ਦਿਨ ਬਚੇ ਹਨ।

# 'ਖੇਲ ਖੇਲ ਮੇਂ' ਫਿਲਮ ਨੂੰ ਓਪਨਿੰਗ ਡੇਅ 'ਤੇ 10 ਤੋਂ 11 ਕਰੋੜ ਦਾ ਅਨੁਮਾਨ



ਫਿਲਮ 'ਖੇਲ ਖੇਲ ਮੇਂ' ਨੇ ਆਪਣੀਆਂ ਵਿਰੋਧੀਆਂ 'ਇਸਤਰੀ-2' ਅਤੇ 'ਵੇਦਾ' ਤੋਂ ਦੋ ਦਿਨ ਬਾਅਦ ਆਪਣੀ ਐਡਵਾਂਸ ਬੁਕਿੰਗ ਸ਼ੁਰੂ ਕਰ ਕੇ ਹੌਲੀ ਸ਼ੁਰੂਆਤ ਕੀਤੀ। ਬੁਕਿੰਗ ਸੈਂਟਰਾਂ ਹੌਲੀ ਰਫਤਾਰ ਨਾਲ ਖੁੱਲ੍ਹਣ ਕਾਰਨ ਫਿਲਮ ਦੀ ਸ਼ੁਰੂਆਤ ਵੀ ਮੱਠੀ ਹੀ ਰਹੀ। ਹਾਲਾਂਕਿ, ਜਿਵੇਂ-ਜਿਵੇਂ ਦਿਨ ਵਧਦਾ ਗਿਆ, ਸੋਸ਼ਲ ਮੀਡੀਆ ਅਤੇ ਹੋਰ ਮੀਡੀਆ ਪਲੇਟਫਾਰਮਾਂ 'ਤੇ ਸਕ੍ਰੀਨਿੰਗ ਅਤੇ ਸ਼ੁਰੂਆਤੀ ਸਮੀਖਿਆਵਾਂ ਤੋਂ ਪ੍ਰਾਪਤ ਸਕਾਰਾਤਮਕ ਪ੍ਰਤੀਕਿਰਿਆ ਕਾਰਨ ਮੂਡ ਇਸਦੇ ਪੱਖ ਵਿਚ ਬਦਲ ਗਿਆ। 'ਖੇਲ ਖੇਲ ਮੇਂ' ਨੇ ਦੇਰ ਨਾਲ ਲੀਡ ਲੈ ਲਈ ਅਤੇ ਦਿਨ ਦੀ ਬੁਕਿੰਗ ਉਮੀਦਾਂ ਤੋਂ ਕਿਤੇ ਵਧ ਹੋ ਗਈ ਅਤੇ ਇਸਦੇ ਸ਼ੁਰੂਆਤੀ ਅੰਕ ਤੋਂ ਲਗਭਗ ਸੱਤ ਗੁਣਾ ਤੱਕ ਪਹੁੰਚ ਗਈ। ਜੇਕਰ ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ 'ਖੇਲ ਖੇਲ ਮੇਂ' ਦੇ ਕਲਾਕਾਰਾਂ ਨੇ ਆਪਣੇ ਕਾਮਿਕ ਪੰਚਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ, ਜਿਸ ਨਾਲ ਫਿਲਮ ਦੀ ਰਫਤਾਰ ਵਧੀ ਹੈ। ਫਿਲਮ 'ਖੇਲ ਖੇਲ ਮੇਂ' ਦੀ ਪਹਿਲੇ ਦਿਨ 10 ਤੋਂ 11 ਕਰੋੜ ਰੁਪਏ ਦੀ ਕਮਾਈ ਕਰਨ ਦੀ ਉਮੀਦ ਹੈ।

# ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਦਾ ਟ੍ਰੇਲਰ ਹੋਇਆ ਰਿਲੀਜ਼




ਦਰਸ਼ਕ ਅਦਾਕਾਰਾ ਕੰਗਨਾ ਰਣੌਤ ਦੀ ਆਉਣ ਵਾਲੀ ਫਿਲਮ 'ਐਮਰਜੈਂਸੀ' ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਇਸ ਫਿਲਮ ਨੂੰ ਦੇਖਣ ਲਈ ਦਰਸ਼ਕ ਕਾਫੀ ਸਮੇਂ ਤੋਂ ਉਤਸ਼ਾਹਿਤ ਹਨ। ਅਜਿਹੇ 'ਚ ਦਰਸ਼ਕਾਂ ਦਾ ਉਤਸ਼ਾਹ ਵਧਾਉਂਦੇ ਹੋਏ ਨਿਰਮਾਤਾਵਾਂ ਨੇ ਅੱਜ ਫਿਲਮ 'ਐਮਰਜੈਂਸੀ' ਦਾ ਟ੍ਰੇਲਰ ਰਿਲੀਜ਼ ਕੀਤਾ ਹੈ। ਇਸ 'ਚ ਕੰਗਨਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਿਰਦਾਰ ਨੂੰ ਪਰਦੇ 'ਤੇ ਬਹੁਤ ਵਧੀਆ ਢੰਗ ਨਾਲ ਨਿਭਾਉਂਦੀ ਨਜ਼ਰ ਆ ਰਹੀ ਹੈ। ਫਿਲਮ ਦਾ ਟ੍ਰੇਲਰ ਬਹੁਤ ਜ਼ਬਰਦਸਤ ਹੈ। ਕੰਗਨਾ ਰਣੌਤ ਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਫਿਲਮ ਦਾ ਟ੍ਰੇਲਰ ਸ਼ੇਅਰ ਕੀਤਾ ਹੈ। 1975 ਦੇ ਭਾਰਤ 'ਤੇ ਆਧਾਰਿਤ, ਇਹ ਫਿਲਮ ਉਸ ਸਮੇਂ ਦੇ ਆਲੇ-ਦੁਆਲੇ ਘੁੰਮਦੀ ਹੈ ਜਦੋਂ ਦੇਸ਼ 'ਚ ਐਮਰਜੈਂਸੀ ਲਾਗੂ ਕੀਤੀ ਗਈ ਸੀ। ਸਿਆਸੀ ਡਰਾਮੇ 'ਚ ਕੰਗਨਾ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਿਰਦਾਰ ਨਿਭਾਉਂਦੀ ਨਜ਼ਰ ਆ ਰਹੀ ਹੈ। 'ਐਮਰਜੈਂਸੀ' 'ਚ ਕੰਗਨਾ ਤੋਂ ਇਲਾਵਾ ਅਨੁਪਮ ਖੇਰ, ਮਿਲਿੰਦ ਸੋਮਨ, ਮਹਿਮਾ ਚੌਧਰੀ ਅਤੇ ਸ਼੍ਰੇਅਸ ਤਲਪੜੇ ਵੀ ਹਨ। ਫਿਲਮ 'ਚ ਸ਼੍ਰੇਅਸ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਕਿਰਦਾਰ ਨਿਭਾਇਆ ਹੈ। ਇਸ ਤੋਂ ਇਲਾਵਾ ਮਰਹੂਮ ਅਦਾਕਾਰ ਸਤੀਸ਼ ਕੌਸ਼ਿਕ ਸਾਬਕਾ ਉਪ ਪ੍ਰਧਾਨ ਮੰਤਰੀ ਜਗਜੀਵਨ ਰਾਮ ਦੀ ਭੂਮਿਕਾ 'ਚ ਨਜ਼ਰ ਆਏ ਹਨ। ਅਦਾਕਾਰਾ ਨੇ ਟ੍ਰੇਲਰ ਸ਼ੇਅਰ ਕਰਦੇ ਹੋਏ ਲਿਖਿਆ, 'ਇੰਡੀਆ ਇਜ਼ ਇੰਦਰਾ ਅਤੇ ਇੰਦਰਾ ਭਾਰਤ ਹੈ। ਦੇਸ਼ ਦੇ ਇਤਿਹਾਸ ਦੀ ਸਭ ਤੋਂ ਤਾਕਤਵਰ ਔਰਤ, ਉਨ੍ਹਾਂ ਦੇ ਇਤਿਹਾਸ ਦਾ ਸਭ ਤੋਂ ਕਾਲਾ ਅਧਿਆਏ ਲਿਖਿਆ ਗਿਆ। ਐਮਰਜੈਂਸੀ ਦਾ ਟ੍ਰੇਲਰ ਹਾਲ ਹੀ 'ਚ ਰਿਲੀਜ਼ ਹੋਇਆ ਹੈ। ਐਮਰਜੈਂਸੀ 6 ਸਤੰਬਰ ਨੂੰ ਦੁਨੀਆ ਭਰ ਦੇ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗੀ। ਕੰਗਨਾ ਰਣੌਤ ਨੇ 2021 'ਚ ਐਮਰਜੈਂਸੀ ਦਾ ਐਲਾਨ ਕੀਤਾ ਸੀ। ਕਿਸੇ ਨਾ ਕਿਸੇ ਕਾਰਨ ਫਿਲਮ ਦੀ ਰਿਲੀਜ਼ ਅੱਗੇ ਵਧਦੀ ਰਹੀ। ਪਰ ਹੁਣ 'ਐਮਰਜੈਂਸੀ' ਸਿਨੇਮਾਘਰਾਂ 'ਚ ਆਉਣ ਲਈ ਪੂਰੀ ਤਰ੍ਹਾਂ ਤਿਆਰ ਹੈ।


# ਗਾਇਕਾ ਮਿਸ ਪੂਜਾ ਨੇ ਕੀਤਾ ਨਵੇਂ ਧਾਰਮਿਕ ਸ਼ਬਦ ਦਾ ਐਲਾਨ



ਪੰਜਾਬੀ ਸੰਗੀਤ ਜਗਤ 'ਚ ਵਿਲੱਖਣ ਪਛਾਣ ਅਤੇ ਸ਼ਾਨਦਾਰ ਮੁਕਾਮ ਹਾਸਲ ਕਰਨ 'ਚ ਸਫ਼ਲ ਰਹੀ ਹੈ ਗਾਇਕਾ ਮਿਸ ਪੂਜਾ, ਜੋ ਇੰਨੀਂ ਦਿਨੀਂ ਫਿਰ ਸੰਗੀਤਕ ਖ਼ੇਤਰ ਵਿੱਚ ਨਵੇਂ ਦਿਸਹਿੱਦੇ ਸਿਰਜਣ ਵੱਲ ਯਤਨਸ਼ੀਲ ਨਜ਼ਰ ਆ ਰਹੀ ਹੈ, ਜਿਨ੍ਹਾਂ ਵੱਲੋਂ ਇਸ ਖਿੱਤੇ 'ਚ ਮੁੜ ਮਜ਼ਬੂਤੀ ਲਈ ਵਿੱਢੀਆਂ ਜਾ ਰਹੀਆਂ ਬਿਹਤਰੀਨ ਕੋਸ਼ਿਸ਼ਾਂ ਦਾ ਹੀ ਇਜ਼ਹਾਰ ਕਰਵਾਉਣ ਜਾ ਰਿਹਾ ਹੈ। ਉਨ੍ਹਾਂ ਦਾ ਨਵਾਂ ਅਤੇ ਕਾਫ਼ੀ ਸਮੇਂ ਬਾਅਦ ਸਾਹਮਣੇ ਆਉਣ ਜਾ ਰਿਹਾ ਇੱਕ ਹੋਰ ਧਾਰਮਿਕ ਸ਼ਬਦ 'ਗੁਰ ਮੰਤਰ', ਜਿਸ ਨੂੰ ਉਨ੍ਹਾਂ ਵੱਲੋਂ ਜਲਦ ਹੀ ਵੱਖ-ਵੱਖ ਸੰਗੀਤਕ ਪਲੇਟਫ਼ਾਰਮ 'ਤੇ ਜਾਰੀ ਕੀਤਾ ਜਾਵੇਗਾ। ਜੇਸੀ ਧਨੋਆ ਵੱਲੋਂ ਪੇਸ਼ ਕੀਤੇ ਜਾ ਰਹੇ ਇਸ ਮਨਮੋਹਕ ਸ਼ਬਦ ਦੇ ਸੰਗੀਤ ਅਤੇ ਕੰਪੋਜੀਸ਼ਨ ਦੀ ਸਿਰਜਣਾ ਜਸਕੀਰਤ ਸਿੰਘ ਵੱਲੋਂ ਕੀਤੀ ਗਈ ਹੈ, ਜਿਨ੍ਹਾਂ ਵੱਲੋਂ ਰੂਹਾਨੀਅਤ ਦੇ ਅਨੂਠੇ ਰੰਗਾਂ 'ਚ ਰੰਗੇ ਗਏ ਇਸ ਗੀਤ ਦਾ ਮਿਊਜ਼ਿਕ ਵੀਡੀਓ ਵੀ ਬੇਹੱਦ ਸ਼ਾਨਦਾਰ ਬਣਾਇਆ ਗਿਆ ਹੈ, ਜਿਸ ਦੀ ਨਿਰਦੇਸ਼ਨਾਂ ਉੱਘੇ ਮਿਊਜ਼ਿਕ ਵੀਡੀਓ ਨਿਰਦੇਸ਼ਕ ਜੇਸੀ ਧਨੋਆ ਦੁਆਰਾ ਹੀ ਕੀਤੀ ਗਈ ਹੈ, ਜੋ ਇਸ ਤੋਂ ਪਹਿਲਾਂ ਵੀ ਮਿਸ ਪੂਜਾ ਸਮੇਤ ਕਈ ਮੰਨੇ-ਪ੍ਰਮੰਨੇ ਗਾਇਕਾਂ ਦੇ ਸੰਗੀਤਕ ਵੀਡੀਓ ਨੂੰ ਬਤੌਰ ਨਿਰਦੇਸ਼ਕ ਚਾਰ ਚੰਨ ਲਾਉਣ ਅਤੇ ਸੋਹਣਾ ਅਤੇ ਪ੍ਰਭਾਵੀ ਮੁਹਾਂਦਰਾ ਦੇਣ 'ਚ ਅਹਿਮ ਭੂਮਿਕਾ ਨਿਭਾ ਚੁੱਕੇ ਹਨ।ਸੰਗੀਤ ਨਿਰਮਾਤਾ ਰੋਮੀ ਟਾਹਲੀ ਯੂ. ਐੱਸ. ਏ. ਵੱਲੋਂ ਕਾਫ਼ੀ ਉੱਚ ਪੱਧਰੀ ਸੰਗੀਤਕ ਮਾਪਦੰਢਾਂ ਅਧੀਨ ਤਿਆਰ ਕੀਤੇ ਗਏ ਇਸ ਧਾਰਮਿਕ ਗੀਤ ਨੂੰ ਅਨਹਦ ਬਾਣੀ ਟੀਵੀ ਦੇ ਲੇਬਲ ਅਧੀਨ ਧਾਰਮਿਕ ਗੀਤ ਸੁਣਨ ਦੀ ਤਾਂਘ ਰੱਖਦੇ ਸੰਗੀਤ ਪ੍ਰੇਮੀਆਂ ਦੇ ਸਨਮੁੱਖ ਕੀਤਾ ਜਾ ਰਿਹਾ ਹੈ। ਇਸੇ ਸੰਬੰਧੀ ਹੋਰ ਵਿਸਥਾਰਕ ਜਾਣਕਾਰੀ ਨੂੰ ਸਾਂਝੀ ਕਰਦਿਆਂ ਨਿਰਮਾਤਾ ਰੋਮੀ ਟਾਹਲੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਸ਼ੀਰਵਾਦ ਸਦਕਾ ਅਸੀਂ 19 ਅਗਸਤ 2024 ਨੂੰ ਇਹ ਗੁਰਬਾਣੀ ਪ੍ਰੋਜੈਕਟ 'ਗੁਰ ਮੰਤਰ' ਲੈ ਕੇ ਆ ਰਹੇ ਹਾਂ, ਜਿਸ ਨੂੰ ਬਹੁਤ ਹੀ ਖ਼ੂਬਸੂਰਤ ਅਤੇ ਸ਼ਰਧਾ ਪੂਰਵਕ ਰੂਪ 'ਚ ਜਾਰੀ ਕੀਤਾ ਜਾ ਰਿਹਾ ਹੈ। ਸੰਗੀਤਕ ਖੇਤਰ 'ਚ ਲਗਭਗ ਦੋ ਦਹਾਕਿਆਂ ਦਾ ਪੈਂਡਾ ਸਫ਼ਲਤਾਪੂਰਵਕ ਹੰਢਾ ਚੁੱਕੀ ਮਿਸ ਪੂਜਾ ਦੀ ਸਰਦਾਰੀ ਲੰਮਾਂ ਸਮਾਂ ਸੰਗੀਤਕ ਗਲਿਆਰਿਆਂ 'ਚ ਕਾਇਮ ਰਹੀ ਹੈ, ਜਿਨ੍ਹਾਂ ਵੱਲੋਂ ਗਾਏ ਬੇਸ਼ੁਮਾਰ ਗਾਣੇ ਮਕਬੂਲੀਅਤ ਦੇ ਕਈ ਨਵੇਂ ਅਯਾਮ ਕਾਇਮ ਕਰਨ 'ਚ ਸਫ਼ਲ ਰਹੇ ਹਨ।

# ਸਲੀਮ-ਜਾਵੇਦ ਦੇ ਜੀਵਨ ਤੇ ਕਰੀਅਰ 'ਤੇ ਆਧਾਰਿਤ ਹੈ 'ਐਂਗਰੀ ਯੰਗ ਮੈਨ'

ਭਾਰਤ ਦੇ ਮਨਪਸੰਦ ਮਨੋਰੰਜਨ ਪਲੇਟਫਾਰਮ ਪ੍ਰਾਈਮ ਵੀਡੀਓ ਨੇ ਆਪਣੀ ਨਵੀਂ ਮੂਲ ਦਸਤਾਵੇਜ਼ੀ ਫਿਲਮ 'ਐਂਗਰੀ ਯੰਗ ਮੈਨ' ਦਾ ਟ੍ਰੇਲਰ ਰਿਲੀਜ਼ ਕੀਤਾ ਹੈ। ਤਿੰਨ ਭਾਗਾਂ ਵਾਲੀ ਇਹ ਸੀਰੀਜ਼ ਮਸ਼ਹੂਰ ਲੇਖਕ ਜੋੜੀ ਸਲੀਮ ਖਾਨ ਅਤੇ ਜਾਵੇਦ ਅਖਤਰ ਦੇ ਜੀਵਨ ਅਤੇ ਕਰੀਅਰ 'ਤੇ ਆਧਾਰਿਤ ਹੈ, ਜੋ ਕਿ ਸਲੀਮ-ਜਾਵੇਦ ਦੇ ਨਾਂ ਨਾਲ ਮਸ਼ਹੂਰ ਹਨ। 1970 ਦੇ ਦਹਾਕੇ ਵਿਚ ਸਲੀਮ-ਜਾਵੇਦ ਨੇ 'ਐਂਗਰੀ ਯੰਗ ਮੈਨ' ਹੀਰੋ ਨੂੰ ਬਾਲੀਵੁੱਡ 'ਚ ਲਿਆ ਕੇ ਭਾਰਤੀ ਸਿਨੇਮਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਉਨ੍ਹਾਂ ਨੇ ਰੋਮਾਂਸ ਤੋਂ ਦੂਰ ਹੋ ਕੇ ਐਕਸ਼ਨ-ਡਰਾਮੇ 'ਤੇ ਧਿਆਨ ਕੇਂਦਰਿਤ ਕੀਤਾ, ਜੋ ਬਹੁਤ ਮਸ਼ਹੂਰ ਹੋਇਆ। ਸਲਮਾਨ ਖਾਨ ਫਿਲਮਜ਼, ਐਕਸਲ ਮੀਡੀਆ ਐਂਡ ਐਂਟਰਟੇਨਮੈਂਟ ਅਤੇ ਟਾਈਗਰ ਬੇਬੀ ਦੁਆਰਾ ਨਿਰਮਿਤ 'ਐਂਗਰੀ ਯੰਗ ਮੈਨ' ਸਲਮਾ ਖਾਨ, ਸਲਮਾਨ ਖਾਨ, ਰਿਤੇਸ਼ ਸਿਧਵਾਨੀ, ਫਰਹਾਨ ਅਖਤਰ, ਜ਼ੋਇਆ ਅਖਤਰ ਅਤੇ ਰੀਮਾ ਕਾਗਤੀ ਦੁਆਰਾ ਨਿਰਮਿਤ ਹੈ। ਨਿਰਦੇਸ਼ਕ ਨਮਰਤਾ ਰਾਓ ਇਸ ਨਾਲ ਆਪਣਾ ਡੈਬਿਊ ਕਰ ਰਹੀ ਹੈ। 'ਐਂਗਰੀ ਯੰਗ ਮੈਨ' ਦਾ ਪ੍ਰੀਮੀਅਰ 20 ਅਗਸਤ ਨੂੰ ਭਾਰਤ ਤੇ 240 ਤੋਂ ਵੱਧ ਦੇਸ਼ਾਂ ਵਿਚ ਪ੍ਰਾਈਮ ਵੀਡੀਓ 'ਤੇ ਹੋਵੇਗਾ। ਇਹ ਪ੍ਰਾਈਮ ਮੈਂਬਰਾਂ ਲਈ ਉਪਲਬਧ ਨਵੀਨਤਮ ਸ਼ੋਅ ਹੈ। ਟ੍ਰੇਲਰ ਵਿਚ ਸਲੀਮ-ਜਾਵੇਦ ਦੀ ਦਿਲ ਨੂੰ ਛੂਹ ਲੈਣ ਵਾਲੀ ਅਤੇ ਪ੍ਰੇਰਨਾਦਾਇਕ ਕਹਾਣੀ ਦਿਖਾਈ ਗਈ ਹੈ।




# ਮਨੀ ਲਾਂਡਰਿੰਗ ਮਾਮਲੇ 'ਚ ਅਦਾਕਾਰਾ ਜੈਕਲੀਨ ਫਰਨਾਂਡੀਜ਼ ਨੂੰ ਵੱਡੀ ਰਾਹਤ



ED ਨੇ ਫਿਲਮ ਅਦਾਕਾਰਾ ਜੈਕਲੀਨ ਫਰਨਾਂਡੀਜ਼ ਖਿਲਾਫ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ 'ਚ ਈਡੀ ਕਈ ਵਾਰ ਜੈਕਲੀਨ ਤੋਂ ਪੁੱਛਗਿੱਛ ਵੀ ਕਰ ਚੁੱਕੀ ਹੈ। ਪਰ ਮਾਮਲੇ 'ਚ ਗ੍ਰਿਫਤਾਰੀ ਤੋਂ ਬਚਣ ਲਈ ਉਸ ਨੇ ਦਿੱਲੀ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਪਟੀਸ਼ਨ ਸਵੀਕਾਰ ਕਰਨ ਤੋਂ ਬਾਅਦ ਮਾਮਲੇ ਦੀ ਸੁਣਵਾਈ 18 ਸਤੰਬਰ ਨੂੰ ਹੋਵੇਗੀ।ਸੁਣਵਾਈ ਤੋਂ ਪਹਿਲਾਂ ਅਦਾਲਤ ਨੇ ਜੈਕਲੀਨ ਫਰਨਾਂਡੀਜ਼ ਨੂੰ ਅਹਿਮ ਸੰਖੇਪ ਦਲੀਲਾਂ ਦਾਇਰ ਕਰਨ ਲਈ ਕਿਹਾ ਹੈ। 200 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ 'ਚ, ਈਡੀ ਨੇ ਦੋਸ਼ ਲਗਾਇਆ ਹੈ ਕਿ ਚੰਦਰਸ਼ੇਖਰ ਨੇ ਜੈਕਲੀਨ ਲਈ ਤੋਹਫ਼ੇ ਖਰੀਦਣ ਲਈ 'ਅਪਰਾਧ ਦੀ ਕਮਾਈ' ਜਾਂ ਗੈਰ ਕਾਨੂੰਨੀ ਪੈਸੇ ਦੀ ਵਰਤੋਂ ਕੀਤੀ ਸੀ।

# ਅਦਾਕਾਰਾ ਸੋਨਾਕਸ਼ੀ ਸਿਨਹਾ ਨੇ ਮਹਿਲਾ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ 'ਤੇ ਕੀਤਾ ਗੁੱਸਾ ਜ਼ਾਹਰ





ਅਦਾਕਾਰਾ ਸੋਨਾਕਸ਼ੀ ਸਿਨਹਾ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਇਨ੍ਹੀਂ ਦਿਨੀਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕੁਝ ਦਿਨ ਪਹਿਲਾਂ ਸ਼ਤਰੂਘਨ ਸਿਨਹਾ ਨੇ ਉਨ੍ਹਾਂ ਦੀ ਬੇਟੀ ਨੂੰ ਟ੍ਰੋਲ ਕਰਨ ਵਾਲੇ ਸਾਰੇ ਟਰੋਲਰਾਂ ਨੂੰ ਜਵਾਬ ਦਿੱਤਾ ਸੀ। ਹੁਣ ਸੋਨਾਕਸ਼ੀ ਸਿਨਹਾ ਦੇ ਸਬਰ ਦਾ ਬੰਨ੍ਹ ਵੀ ਟੁੱਟ ਗਿਆ ਹੈ। ਉਸ ਨੇ ਆਪਣੇ ਵਿਆਹ ਅਤੇ ਪਿਤਾ ਬਾਰੇ ਕੋਈ ਬਿਆਨ ਨਹੀਂ ਦਿੱਤਾ ਹੈ। ਸਗੋਂ ਕੋਲਕਾਤਾ 'ਚ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ। ਇਸ ਕਤਲੇਆਮ ਦਾ ਅਸਰ ਪੂਰੇ ਦੇਸ਼ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਜੋ ਹੁਣ ਸੈਲੀਬ੍ਰਿਟੀ ਤੱਕ ਪਹੁੰਚ ਗਿਆ ਹੈ। ਸੋਨਾਕਸ਼ੀ ਨੇ ਆਪਣੇ ਇੰਸਟਾਗ੍ਰਾਮ 'ਤੇ ਇਕ ਪੋਸਟ ਸ਼ੇਅਰ ਕੀਤੀ ਹੈ। ਇਸ ਨੂੰ ਪੜ੍ਹ ਕੇ ਉਨ੍ਹਾਂ ਦੇ ਪ੍ਰਸ਼ੰਸਕ ਵੀ ਭਾਵੁਕ ਅਤੇ ਗੁੱਸੇ 'ਚ ਆ ਗਏ ਹਨ।ਸੋਨਾਕਸ਼ੀ ਸਿਨਹਾ ਨੇ ਆਪਣੇ ਇੰਸਟਾਗ੍ਰਾਮ 'ਤੇ ਇਕ ਪੋਸਟ ਪਾਈ ਹੈ। ਕੋਲਕਾਤਾ 'ਚ ਡਾਕਟਰ ਨਾਲ ਹੋਏ ਹਾਦਸੇ ਨੂੰ ਲੈ ਕੇ ਉਨ੍ਹਾਂ ਨੇ ਚੁੱਪੀ ਤੋੜੀ ਹੈ। ਉਸਨੇ ਲਿਖਿਆ, "ਸਾਰੇ ਗੈਰ-ਮੈਡੀਕਲ ਪੇਸ਼ੇਵਰਾਂ ਲਈ: ਆਰ.ਜੀ.ਕਾਰ ਮੈਡੀਕਲ ਕਾਲਜ ਦੀ ਇਹ ਸ਼ਰਮਨਾਕ ਘਟਨਾ ਹੁਣ ਸਿਰਫ ਡਾਕਟਰਾਂ ਦੀ ਸਮੱਸਿਆ ਨਹੀਂ ਰਹੀ। ਕਿਰਪਾ ਕਰਕੇ ਸਮਝੋ ਕਿ ਜੇਕਰ ਕੋਈ ਔਰਤ ਆਪਣੇ ਕੰਮ ਵਾਲੀ ਥਾਂ 'ਤੇ ਵੀ ਸੁਰੱਖਿਅਤ ਨਹੀਂ ਹੈ ਤਾਂ ਉਹ "ਹੋਰ ਕਿੱਥੇ ਹੋਵੇਗੀ"। ਇਹ ਦਿੱਲੀ ਦੀ ਨਿਰਭਯਾ ਤੋਂ ਘੱਟ ਨਹੀਂ ਹੈ।ਉਦੋਂ ਕੁਝ ਨੇਤਾਵਾਂ ਨੇ ਕਿਹਾ ਸੀ ਕਿ ਕੁੜੀ ਨੂੰ ਰਾਤ ਨੂੰ ਸੜਕ 'ਤੇ ਨਹੀਂ ਜਾਣਾ ਚਾਹੀਦਾ, ਪਰ ਜੇਕਰ ਉਸ ਦੀ ਰਾਤ ਦੀ ਡਿਊਟੀ ਹੈ ਅਤੇ ਉਹ ਇੱਥੇ ਸਭ ਤੋਂ ਆਰਾਮਦਾਇਕ ਜਗ੍ਹਾ 'ਤੇ ਹੈ ਤਾਂ ਕੀ ਉਹ ਉੱਥੇ ਵੀ ਸੁਰੱਖਿਅਤ ਹੈ? ਇਹ ਕਿਸੇ ਨਾਲ ਵੀ, ਕਿਤੇ ਵੀ ਅਤੇ ਕਿਸੇ ਵੀ ਸਮੇਂ ਹੋ ਸਕਦਾ ਹੈ। ਕਿਰਪਾ ਕਰਕੇ ਇਸਨੂੰ ਜਿੰਨਾ ਹੋ ਸਕੇ ਵੱਡਾ ਬਣਾਓ! ਦੋਸ਼ੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਇਹ ਮਨੋਰੋਗ ਲਈ ਇੱਕ ਮਿਸਾਲ ਕਾਇਮ ਕਰਨੀ ਚਾਹੀਦੀ ਹੈ!" ਸੋਨਾਕਸ਼ੀ ਦੀ ਇਸ ਪੋਸਟ ਤੋਂ ਬਾਅਦ ਪੂਰੇ ਸੋਸ਼ਲ ਮੀਡੀਆ 'ਤੇ ਹਲਚਲ ਮਚ ਗਈ ਹੈ। ਇਸ ਦੇ ਨਾਲ ਹੀ ਦੇਸ਼ ਵਿਚ ਇਹ ਮੁੱਦਾ ਹੌਲੀ-ਹੌਲੀ ਵੱਡਾ ਹੁੰਦਾ ਜਾ ਰਿਹਾ ਹੈ।

# ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਨੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਲਿਆ ਵੱਡਾ ਫ਼ੈਸਲਾ




ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ (ਏ.ਐਨ.ਯੂ.) ਨੇ ਐਲਾਨ ਕੀਤਾ ਹੈ ਕਿ ਉਹ ਫਲਸਤੀਨ ਸਮਰਥਕ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਹੁਣ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਵਿੱਚ ਨਿਵੇਸ਼ ਨਹੀਂ ਕਰੇਗੀ। ਸਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ANU ਦੇ ਵਾਈਸ-ਚਾਂਸਲਰ Genevieve Bell ਨੇ ਕਿਹਾ ਕਿ 15 ਮੈਂਬਰੀ ANU ਕੌਂਸਲ ਨੇ ਇਹ ਸੰਕਲਪ ਲਿਆ ਹੈ ਕਿ ਯੂਨੀਵਰਸਿਟੀ ਦਾ ਲੰਬੇ ਸਮੇਂ ਲਈ ਨਿਵੇਸ਼ ਪੂਲ ਹਥਿਆਰ ਨਿਰਮਾਤਾਵਾਂ ਅਤੇ ਨਾਗਰਿਕ ਛੋਟੇ ਹਥਿਆਰ ਨਿਰਮਾਤਾਵਾਂ ਵਿੱਚ ਨਿਵੇਸ਼ ਨਹੀਂ ਕਰੇਗਾ। ਇਹ ਫ਼ੈਸਲਾ ਅਪ੍ਰੈਲ ਵਿੱਚ ਏ.ਐਨ.ਯੂ ਦੇ ਵਿਦਿਆਰਥੀਆਂ ਦੇ ਮੱਧ ਪੂਰਬ ਵਿੱਚ ਚੱਲ ਰਹੇ ਸੰਘਰਸ਼ ਦੌਰਾਨ ਇਜ਼ਰਾਈਲੀ ਸੰਸਥਾਵਾਂ ਅਤੇ ਹਥਿਆਰ ਕੰਪਨੀਆਂ ਨਾਲ ਏ.ਐਨ.ਯੂ ਦੇ ਸਬੰਧਾਂ ਦੇ ਵਿਰੋਧ ਵਜੋਂ ਕੈਨਬਰਾ ਵਿੱਚ ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿੱਚ ਇੱਕ ਫਿਲਸਤੀਨ ਪੱਖੀ ਕੈਂਪ ਸਥਾਪਤ ਕਰਨ ਤੋਂ ਬਾਅਦ ਆਇਆ ਹੈ। ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਵਿੱਚ ਸਥਾਪਤ ਕੈਂਪਾਂ ਵਿਚ ਪ੍ਰਦਰਸ਼ਨ ਕਰ ਰਹੇ ਪ੍ਰਦਰਸ਼ਨਕਾਰੀਆਂ ਦੀ ਮੰਗਾਂ ਵਿਚੋਂ ਇਹ ਮੰਗ ਵੀ ਸੀ ਕਿ ਏ.ਐਨ.ਯੂ ਹਥਿਆਰ ਨਿਰਮਾਤਾਵਾਂ ਤੋਂ BAE ਸਿਸਟਮ, ਲਾਕਹੀਡ ਮਾਰਟਿਨ ਅਤੇ ਨੌਰਥਰੋਪ ਗ੍ਰੂਮਨ ਕਾਰਪੋਰੇਸ਼ਨ ਨੂੰ ਵੱਖ ਕਰ ਲਵੇ।ਬੈੱਲ ਨੇ ਜੂਨ ਵਿੱਚ ਕਿਹਾ ਸੀ ਕਿ ਏ.ਐਨ.ਯੂ ਕੌਂਸਲ ਯੂਨੀਵਰਸਿਟੀ ਦੀ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਨਿਵੇਸ਼ ਨੀਤੀ ਦੀ ਸਮੀਖਿਆ ਕਰੇਗੀ। ਬੀਤੀ ਰਾਤ ਉਸਨੇ ਇੱਕ ਬਿਆਨ ਵਿੱਚ ਕਿਹਾ ਕਿ ਸਮੀਖਿਆ ਵਿਚ ਸਟਾਫ, ਵਿਦਿਆਰਥੀਆਂ ਅਤੇ ਸਾਬਕਾ ਵਿਦਿਆਰਥੀਆਂ ਤੋਂ ਲਗਭਗ 900 ਬੇਨਤੀਆਂ ਪ੍ਰਾਪਤ ਹੋਈਆਂ। ਬੇਲ ਨੇ ਕਿਹਾ, "ਸਾਡੇ ਯੂਨੀਵਰਸਿਟੀ ਕਮਿਊਨਿਟੀ ਨੇ ਹਾਲ ਹੀ ਵਿੱਚ ਉਨ੍ਹਾਂ ਕੰਪਨੀਆਂ ਵਿੱਚ ਨਿਵੇਸ਼ ਵੱਲ ਧਿਆਨ ਖਿੱਚਿਆ ਹੈ ਜੋ ਹਥਿਆਰਾਂ ਦੇ ਨਿਰਮਾਣ ਅਤੇ ਵਿਕਰੀ ਤੋਂ ਮਾਲੀਆ ਪ੍ਰਾਪਤ ਕਰਦੇ ਹਨ। ਅਸੀਂ ਆਪਣੇ ਭਾਈਚਾਰੇ ਦੇ ਫੀਡਬੈਕ ਨੂੰ ਸੁਣਿਆ ਹੈ। ਇਹ ਨਿਰਧਾਰਤ ਕਰਨਾ ਕਿ ਅਸੀਂ ਕਿੱਥੇ ਨਿਵੇਸ਼ ਕਰਨਾ ਚਾਹੁੰਦੇ ਹਾਂ, ਅਸੀਂ ਨਿਯਮਿਤ ਤੌਰ 'ਤੇ ਅੱਗੇ ਵਧਣ ਦੀ ਸਮੀਖਿਆ ਕਰਾਂਗੇ। ਇਹ ਇੱਕ ਮਹੱਤਵਪੂਰਨ ਫ਼ੈਸਲਾ ਹੈ।''

# 8 ਮਹੀਨੇ ਪਹਿਲਾਂ ਕੈਨੇਡਾ ਪੁੱਜੇ ਭਾਰਤੀ ਵਿਦਿਆਰਥੀ ਨਾਲ ਵਾਪਰੀ ਅਣਹੋਣੀ



ਕੈਨੇਡਾ ਤੋਂ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ‘ਚ ਕਰਨਾਲ ਦੇ ਨੌਮਿਤ ਗੋਸਵਾਮੀ (20) ਦੀ ਪੂਲ ਪਾਰਟੀ ਦੌਰਾਨ ਸਵੀਮਿੰਗ ਪੂਲ ‘ਚ ਨਹਾਉਂਦੇ ਸਮੇਂ ਡੁੱਬਣ ਕਾਰਨ ਮੌਤ ਹੋ ਗਈ। 8 ਮਹੀਨੇ ਪਹਿਲਾਂ ਪਿਤਾ ਨੇ ਆਪਣਾ ਪਲਾਟ ਵੇਚ ਕੇ ਬੇਟੇ ਨੂੰ ਸਟੱਡੀ ਵੀਜ਼ੇ ‘ਤੇ ਕੈਨੇਡਾ ਭੇਜਿਆ ਸੀ। ਉਹ ਓਂਟਾਰੀਓ ਸਿਟੀ ਵਿੱਚ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਸੀ ਅਤੇ ਪੜ੍ਹਾਈ ਦੌਰਾਨ ਉਹ ਇੱਕ ਰੈਸਟੋਰੈਂਟ ਵਿੱਚ ਕੰਮ ਵੀ ਕਰਦਾ ਸੀ। 11 ਅਗਸਤ ਦੀ ਰਾਤ ਨੂੰ ਨੌਮਿਤ ਪੁੱਤਰ ਸੁਭਾਸ਼ ਕੈਨੇਡਾ ‘ਚ ਆਪਣੇ ਇਕ ਦੋਸਤ ਦੀ ਪੂਲ ਪਾਰਟੀ ‘ਚ ਗਿਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਰਾਤ ਕਰੀਬ 8.30 ਵਜੇ ਨੌਮਿਤ ਇਕੱਲਾ ਹੀ ਸਵੀਮਿੰਗ ਪੂਲ ਵਿਚ ਨਹਾਉਣ ਗਿਆ ਸੀ। ਸ਼ੁਰੂ ਵਿੱਚ ਉਹ ਘੱਟ ਡੂੰਘਾਈ ਵਿੱਚ ਸੀ ਪਰ ਅਚਾਨਕ ਉਹ ਡੂੰਘਾਈ ਵਿੱਚ ਪਹੁੰਚ ਗਿਆ। ਘਟਨਾ ਸਮੇਂ ਉਸ ਦੇ ਹੋਰ ਦੋਸਤ ਹਾਲ ਦੇ ਅੰਦਰ ਇੱਕ ਪਾਰਟੀ ਵਿੱਚ ਸਨ। ਇੱਕ ਦੋਸਤ ਦਾ ਧਿਆਨ ਨੌਮਿਤ 'ਤੇ ਪਿਆ। ਨੌਮਿਤ ਪਾਣੀ ਵਿੱਚ ਡੁੱਬ ਗਿਆ ਸੀ।

# ਬੱਚੇ ਨੂੰ ਬਚਾਉਣ ਗਏ ਪੰਜਾਬੀ ਨੌਜਵਾਨ ਦੀ ਪਾਣੀ 'ਚ ਡੁੱਬਣ ਕਾਰਨ ਮੌਤ



ਵਿਦੇਸ਼ਾਂ ਵਿੱਚ ਭਾਰਤੀਆਂ ਦੀਆਂ ਹਾਦਸੇ ਦੌਰਾਨ ਮੌਤ ਹੋ ਜਾਣ ਦੀਆ ਖ਼ਬਰਾਂ ਸਾਹਮਣੇ ਆਉਂਦੀਆ ਰਹਿੰਦੀਆਂ ਹਨ। ਇਸੇ ਤਰ੍ਹਾਂ ਦੀ ਇਕ ਘਟਨਾ ਵਿੱਚ ਇਟਲੀ ਵੱਸਦੇ ਪੰਜਾਬੀ ਨੌਜਵਾਨ ਤਰਨਦੀਪ ਸਿੰਘ ਦੀ ਜਾਨ ਚਲੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਿਕ ਪੰਜਾਬੀ ਨੌਜਵਾਨ ਤਰਨਦੀਪ ਜੋ ਕਿ ਆਪਣੇ ਦੋਸਤਾਂ ਨਾਲ ਬ੍ਰੇਸ਼ੀਆ ਨੇੜੇ "ਰੀਵਾ ਦੇਲਾ ਗਾਰਦਾ, ਵਿਖੇ ਘੁੰਮਣ ਗਿਆ ਸੀ, ਉੱਥੇ ਪਾਣੀ ਵਿੱਚ ਡੁੱਬ ਰਹੇ ਜਰਮਨੀ ਮੂਲ ਦੇ ਬੱਚੇ ਨੂੰ ਬਚਾਉਂਦਿਆ ਹਾਦਸੇ ਵਿੱਚ ਆਪਣੀ ਜਾਨ ਗੁਆ ਬੈਠਾ। ਉਸ ਦੇ ਸਾਥੀ ਨੌਜਵਾਨ ਹਰਮਨ ਨੇ ਭਰੇ ਮਨ ਨਾਲ ਜਾਣਕਾਰੀ ਦਿੰਦਿਆ ਦੱਸਿਆ ਕਿ ਸੋਮਵਾਰ ਨੂੰ 5 ਦੋਸਤ ਰੀਵਾ ਦੇਲ ਗਾਰਦਾ ਝੀਲ ਤੇ ਘੁੰਮਣ 'ਤੇ ਗਏ ਸਨ। ਸ਼ਾਮ ਨੂੰ ਤਕਰੀਬਨ 5 ਵਜੇ ਜਰਮਨੀ ਮੂਲ ਦੇ ਇੱਕ ਬੱਚੇ ਨੂੰ ਡੁੱਬਣ ਤੋਂ ਬਚਾਉਣ ਲਈ ਝੀਲ ਵਿੱਚ ਗਿਆ। ਬੱਚੇ ਨੂੰ ਬਚਾਉਂਦਿਆ ਆਪ ਝੀਲ਼ ਵਿੱਚ ਡੁੱਬ ਗਿਆ। ਮੌਕੇ 'ਤੇ ਪਹੁੰਚੀ ਪ੍ਰਸ਼ਾਸ਼ਨ ਦੀ ਟੀਮ ਨੇ ਤਰਨਦੀਪ ਸਿੰਘ ਨੂੰ ਬਾਹਰ ਕੱਢਿਆ, ਜਿੱਥੇ ਉਹ ਮ੍ਰਿਤਕ ਪਾਇਆ ਗਿਆ। ਇਹ ਵੀ ਜਾਣਕਾਰੀ ਮਿਲੀ ਕਿ ਤਰਨਦੀਪ ਜਿਸ ਬੱਚੇ ਨੂੰ ਬਚਾਉਣ ਲਈ ਝੀਲ਼ ਵਿੱਚ ਗਿਆ ਸੀ, ਉਸਨੂੰ ਪਹਿਲਾ ਬਚਾਅ ਲਿਆ ਗਿਆ ਸੀ। ਜਾਣਕਾਰੀ ਅਨੁਸਾਰ ਤਰਨਦੀਪ ਸਿੰਘ (26) ਚੀਗੋਲੇ ਰਹਿੰਦਾ ਸੀ ਅਤੇ ਯਮੁਨਾਨਗਰ (ਹਰਿਆਣਾ) ਨਾਲ ਸੰਬੰਧਿਤ ਹੈ। ਤਰਨਦੀਪ ਕਰੀਬ 3 ਸਾਲ ਪਹਿਲਾਂ ਭਾਰਤ ਤੋਂ ਇਟਲੀ ਪਹੁੰਚਿਆ ਸੀ ਅਤੇ ਫੈਕਟਰੀ ਵਿੱਚ ਕੰਮ ਕਰਦਾ ਸੀ। ਉਸਦੇ ਨਾਲ ਕੰਮ ਕਰਦੇ ਸਾਥੀ ਸਤਨਾਮ ਸਿੰਘ ਨੇ ਦੱਸਿਆ ਕਿ ਤਰਨਦੀਪ ਦੀ ਮ੍ਰਿਤਕ ਦੇਹ ਨੂੰ ਭਾਰਤ ਭੇਜਿਆ ਜਾਵੇਗਾ।

# 12.5 ਕਰੋੜ ਦਾ ਚਿਕਨ ਚੋਰੀ ਕਰਨ ਵਾਲੀ ਔਰਤ ਨੂੰ ਹੋਈ ਜੇਲ੍ਹ




ਅਮਰੀਕਾ ਦੇ ਇਲੀਨੋਇਸ ਸੂਬੇ ਦੇ ਹਾਰਵੇ ਸਕੂਲ ਦੇ ਜ਼ਿਲ੍ਹਾ ਫੂਡ ਸਰਵਿਸਿਜ਼ ਵਿਭਾਗ ਵਿੱਚ ਹਾਲ ਹੀ ਵਿੱਚ ਇੱਕ ਵੱਡਾ ਘਪਲਾ ਸਾਹਮਣੇ ਆਇਆ ਹੈ। ਹਾਰਵੇ ਸਕੂਲ ਡਿਸਟ੍ਰਿਕਟ ਦੇ ਫੂਡ ਸਰਵਿਸਿਜ਼ ਡਿਪਾਰਟਮੈਂਟ ਦੀ ਤਰਫੋਂ ਸਕੂਲੀ ਵਿਦਿਆਰਥੀਆਂ ਲਈ ਚਿਕਨ ਵਿੰਗਾਂ ਨੂੰ ਗ਼ਲਤ ਢੰਗ ਨਾਲ ਤਿਆਰ ਕਰਨ ਵਾਲੀ ਇੱਕ ਮਹਿਲਾ ਕਰਮਚਾਰੀ ਆਖਰਕਾਰ ਫੜੀ ਗਈ ਹੈ। ਅਦਾਲਤ ਨੇ ਉਸ ਨੂੰ 9 ਸਾਲ ਦੀ ਸਜ਼ਾ ਸੁਣਾਈ ਹੈ। ਕੋਸਟਾ ਦੀ ਮਹਿਲਾ ਕਰਮਚਾਰੀ ਦੁਆਰਾ ਕੋਵਿਡ ਦੇ ਸਮੇਂ ਦੌਰਾਨ ਵਿਦਿਆਰਥੀਆਂ ਨੂੰ ਪਰੋਸਣ ਵਾਲੇ ਚਿਕਨ ਵਿੰਗਾਂ ਨੂੰ ਮੋੜ ਦਿੱਤਾ ਗਿਆ ਸੀ। ਸਕੂਲੀ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਗਈ ਸਕੀਮ ਵਿੱਚ ਵੱਡੇ ਪੱਧਰ ’ਤੇ ਬੇਨਿਯਮੀਆਂ ਸਾਹਮਣੇ ਆਈਆਂ ਹਨ। ਜਾਂਚ ਵਿੱਚ ਸਾਹਮਣੇ ਆਇਆ ਕਿ ਕੁੱਲ 1.5 ਮਿਲੀਅਨ ਡਾਲਰ ਯਾਨੀ 12.5 ਕਰੋੜ ਰੁਪਏ ਦੀ ਭਾਰਤੀ ਕਰੰਸੀ ਦੇ ਚਿਕਨ ਵਿੰਗਸ ਚੋਰੀ ਹੋਏ ਹਨ। ਅਮਰੀਕਾ ਦੀ ਸਰਕਾਰ ਨੇ ਕੋਰੋਨਾ ਮਹਾਮਾਰੀ ਦੌਰਾਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚਿਕਨ ਵਿੰਗ ਮੁਹੱਈਆ ਕਰਵਾਉਣ ਦਾ ਫ਼ੈਸਲਾ ਕੀਤਾ ਸੀ। ਪਰ ਸਕੂਲ ਜ਼ਿਲ੍ਹੇ ਦੇ ਫੂਡ ਸਰਵਿਸਿਜ਼ ਵਿਭਾਗ ਦੀ ਇੱਕ ਔਰਤ ਜਿਸ ਦਾ ਨਾਂ ਵੇਰਾ ਲਿਡੇਲ ਹੈ, ਉਸ ਨੇ ਕੋਰੋਨਾ ਵਾਇਰਸ ਦੌਰਾਨ ਔਨਲਾਈਨ ਕਲਾਸਾਂ ਚਲਾਉਂਦੇ ਹੋਏ ਚਿਕਨ ਵਿੰਗਾਂ ਨਾਲ ਭੋਜਨ ਪਰੋਸਣ ਦਾ ਪ੍ਰੋਗਰਾਮ ਸ਼ੁਰੂ ਕੀਤਾ। ਅੰਦਾਜ਼ਾ ਹੈ ਕਿ ਇਸ ਲਈ ਚਿਕਨ ਵਿੰਗਾਂ ਦੇ 11 ਹਜ਼ਾਰ ਕੇਸਾਂ ਦੀ ਲੋੜ ਹੈ। ਹਾਲਾਂਕਿ ਸਰਕਾਰ ਵੱਲੋਂ ਕਰਵਾਏ ਗਏ ਆਡਿਟ ਤੋਂ ਪਤਾ ਲੱਗਾ ਹੈ ਕਿ ਸਰਕਾਰ ਇਨ੍ਹਾਂ ਚਿਕਨ ਵਿੰਗਾਂ ਦੀ ਸਪਲਾਈ ਕਰਨ ਲਈ ਸਕੀਮ ਲਈ ਨਿਰਧਾਰਤ ਬਜਟ ਤੋਂ ਵੱਧ ਖਰਚ ਕਰ ਰਹੀ ਹੈ। ਇਸ ਨਾਲ ਅਧਿਕਾਰੀਆਂ ਨੂੰ ਸ਼ੱਕ ਹੋਇਆ। ਅਧਿਕਾਰੀਆ ਨੇ ਜਾਂਚ ਕੀਤੀ ਅਤੇ ਇਨ੍ਹਾਂ ਦਾ ਪ੍ਰਬੰਧ ਦੇਖ ਰਹੀ ਵੇਰਾ ਲਿਡੇਲ ਦਾ ਨਾਂ ਸਾਹਮਣੇ ਆਇਆ। ਅਧਿਕਾਰੀਆਂ ਨੇ ਪਾਇਆ ਕਿ ਭਾਵੇਂ ਚਿਕਨ ਵਿੰਗ ਪੋਲਟਰੀ ਤੋਂ ਵੱਡੀ ਮਾਤਰਾ ਵਿੱਚ ਖਰੀਦ ਕੇ ਸਕੂਲ ਵੈਨ ਵਿੱਚ ਲਿਆਂਦੇ ਗਏ ਸਨ, ਪਰ ਇਹ ਵਿਦਿਆਰਥੀਆਂ ਦੇ ਮਾਪਿਆਂ ਨੂੰ ਨਹੀਂ ਦਿੱਤੇ ਗਏ। ਜਾਂਚ ਤੋਂ ਪਤਾ ਲੱਗਾ ਹੈ ਕਿ ਜੁਲਾਈ 2020 ਤੋਂ ਫਰਵਰੀ 2022 ਤੱਕ ਜਾਰੀ ਇਹ ਘਪਲ਼ਾ ਜਾਰੀ ਰਿਹਾ। ਅਧਿਕਾਰੀਆਂ ਨੇ ਪਾਇਆ ਕਿ 12.5 ਕਰੋੜ ਰੁਪਏ ਦੇ ਚਿਕਨ ਵਿੰਗਸ ਚੋਰੀ ਹੋ ਗਏ। ਅਧਿਕਾਰੀਆਂ ਨੇ ਪਿਛਲੇ ਸਾਲ ਵੇਰਾ ਲਿਡੇਲ ਵਿਰੁੱਧ ਕੇਸ ਦਰਜ ਕੀਤਾ ਸੀ ਅਤੇ ਉਸ ਨੂੰ ਬੀਤੇ ਦਿਨ ਅਦਾਲਤ ਵੱਲੋਂ 9 ਸਾਲ ਦੀ ਸਜ਼ਾ ਸੁਣਾਈ ਗਈ।

# ਹਸੀਨਾ ਨੇ ਬੰਗਲਾਦੇਸ਼ 'ਚ ਹੱਤਿਆਵਾਂ, ਬੇਰਹਿਮੀ ਦੀਆਂ ਘਟਨਾਵਾਂ ਦੀ ਜਾਂਚ ਦੀ ਕੀਤੀ ਮੰਗ




ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ 'ਅੰਦੋਲਨ ਦੇ ਨਾਮ' 'ਤੇ ਕੀਤੀਆਂ ਹੱਤਿਆਵਾਂ, ਭੰਨਤੋੜ ਅਤੇ ਅੱਗਜ਼ਨੀ ਦੀ ਜਾਂਚ ਦੀ ਮੰਗ ਕੀਤੀ ਹੈ। ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਅਤੇ ਦੇਸ਼ ਤੋਂ ਭੱਜਣ ਦੇ ਅੱਠ ਦਿਨਾਂ ਬਾਅਦ ਹਸੀਨਾ ਨੇ ਇਹ ਵੀ ਮੰਗ ਕੀਤੀ ਕਿ ਅਸ਼ਾਂਤੀ ਲਈ ਜ਼ਿੰਮੇਵਾਰ ਅਪਰਾਧੀਆਂ ਦੀ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ। ਡੇਲੀ ਸਟਾਰ ਦੀ ਰਿਪੋਰਟ ਮੁਤਾਬਕ ਹਸੀਨਾ ਨੇ ਫੇਸਬੁੱਕ 'ਤੇ ਬਿਆਨ ਜਾਰੀ ਕੀਤਾ, ਜਿਸ ਦੀ ਪੁਸ਼ਟੀ ਉਸ ਦੇ ਪੁੱਤਰ ਸਾਜੀਬ ਵਾਜੇਦ ਜੋਏ ਨੇ ਕੀਤੀ। ਗੌਰਤਲਬ ਹੈ ਕਿ ਬੰਗਲਾਦੇਸ਼ ਵਿਚ ਸ਼ੇਖ ਹਸੀਨਾ ਦੀ ਸਰਕਾਰ 5 ਅਗਸਤ ਨੂੰ ਵਿਦਿਆਰਥੀਆਂ ਦੀ ਅਗਵਾਈ ਵਿਚ ਹੋਏ ਹਿੰਸਕ ਪ੍ਰਦਰਸ਼ਨਾਂ ਕਾਰਨ ਡਿੱਗ ਗਈ ਸੀ। ਇਹ ਅੰਦੋਲਨ ਜੂਨ ਵਿੱਚ ਸਰਕਾਰੀ ਸਿਵਲ ਸੇਵਾਵਾਂ ਵਿੱਚ ਨੌਕਰੀ ਦੇ ਕੋਟੇ (ਰਿਜ਼ਰਵੇਸ਼ਨ) ਨੂੰ ਖ਼ਤਮ ਕਰਨ ਅਤੇ ਭਰਤੀਆਂ ਨੂੰ ਮੈਰਿਟ ਅਧਾਰਤ ਕਰਨ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਇਆ ਸੀ। ਵਿਦਿਆਰਥੀਆਂ ਨੇ ਕੋਟਾ ਵਿਰੋਧੀ ਅੰਦੋਲਨ ਦੌਰਾਨ ਵਿਆਪਕ ਹਿੰਸਾ ਅਤੇ ਝੜਪਾਂ ਤੋਂ ਬਾਅਦ ਹਸੀਨਾ ਦੇ ਅਸਤੀਫ਼ੇ ਦੀ ਆਪਣੀ ਇਕ-ਨੁਕਾਤੀ ਮੰਗ ਲਈ ਦਬਾਅ ਪਾਇਆ, ਜੋ ਆਖਰਕਾਰ ਹਸੀਨਾ ਦੀ ਅਗਵਾਈ ਵਾਲੀ ਅਵਾਮੀ ਲੀਗ ਸਰਕਾਰ ਦੇ ਪਤਨ ਦਾ ਕਾਰਨ ਬਣੀ। ਹਸੀਨਾ ਨੇ ਕਿਹਾ, 'ਜੁਲਾਈ ਤੋਂ ਹੁਣ ਤੱਕ ਵਿਰੋਧ ਪ੍ਰਦਰਸ਼ਨਾਂ ਦੇ ਨਾਮ 'ਤੇ ਹਿੰਸਾ ਅਤੇ ਅੱਗਜ਼ਨੀ ਵਿੱਚ ਬਹੁਤ ਸਾਰੇ ਲੋਕ ਆਪਣੀ ਜਾਨ ਗੁਆ ਚੁੱਕੇ ਹਨ।' ਉਸਨੇ ਹਿੰਸਾ ਦੇ ਹੋਰ ਪੀੜਤਾਂ, ਵਿਦਿਆਰਥੀਆਂ, ਅਧਿਆਪਕਾਂ, ਪੁਲਸ, ਪੱਤਰਕਾਰਾਂ, ਸੱਭਿਆਚਾਰਕ ਵਰਕਰਾਂ ਅਤੇ ਇੱਕ 'ਗਰਭਵਤੀ ਪੁਲਸ ਮਹਿਲਾ' ਸਮੇਤ ਹਮਦਰਦੀ ਪ੍ਰਗਟ ਕੀਤੀ। ਉਸਨੇ ਅਵਾਮੀ ਲੀਗ ਦੇ ਮੈਂਬਰਾਂ ਅਤੇ ਇਸਦੇ ਸਹਿਯੋਗੀਆਂ, ਪੈਦਲ ਚੱਲਣ ਵਾਲਿਆਂ ਅਤੇ ਵੱਖ-ਵੱਖ ਪੇਸ਼ੇਵਰਾਂ ਪ੍ਰਤੀ ਵੀ ਹਮਦਰਦੀ ਪ੍ਰਗਟ ਕੀਤੀ ਜੋ 16 ਜੁਲਾਈ ਤੋਂ 11 ਅਗਸਤ ਦਰਮਿਆਨ ਹਿੰਸਾ ਵਿੱਚ ਮਾਰੇ ਗਏ। ਇਸ ਦੌਰਾਨ ਬੰਗਲਾਦੇਸ਼ ਵਿੱਚ ਘੱਟੋ-ਘੱਟ 580 ਲੋਕਾਂ ਦੀ ਜਾਨ ਜਾ ਚੁੱਕੀ ਹੈ। ਉਸਨੇ 15 ਅਗਸਤ, 1975 ਦੀਆਂ ਹੱਤਿਆਵਾਂ ਨੂੰ ਵੀ ਯਾਦ ਕੀਤਾ, ਜਦੋਂ ਉਸਦੇ ਪਿਤਾ ਅਤੇ ਬੰਗਲਾਦੇਸ਼ ਦੇ ਉਸ ਸਮੇਂ ਦੇ ਰਾਸ਼ਟਰਪਤੀ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਅਤੇ ਉਸਦੇ ਪਰਿਵਾਰ ਦੇ ਜ਼ਿਆਦਾਤਰ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ ਸੀ, ਬੰਗਬੰਧੂ ਦੀ ਵੱਡੀ ਧੀ ਹਸੀਨਾ ਨੇ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਨੂੰ ਲੁੱਟਣ ਦਾ ਦੋਸ਼ ਲਗਾਇਆ ਸੀ। ਭੰਨਤੋੜ ਅਤੇ ਅੱਗਜ਼ਨੀ ਕੀਤੀ ਅਤੇ ਦੇਸ਼ ਦੇ ਲੋਕਾਂ ਤੋਂ ਇਨਸਾਫ਼ ਦੀ ਮੰਗ ਕੀਤੀ। ਉਨ੍ਹਾਂ ਨੇ ਲੋਕਾਂ ਨੂੰ 15 ਅਗਸਤ ਨੂੰ ਬੰਗਬੰਧੂ ਭਵਨ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਕੇ ਅਤੇ ਅਰਦਾਸ ਕਰਕੇ ਰਾਸ਼ਟਰੀ ਸੋਗ ਦਿਵਸ ਨੂੰ ਸੁਚੱਜੇ ਢੰਗ ਨਾਲ ਮਨਾਉਣ ਦਾ ਸੱਦਾ ਦਿੱਤਾ।

# ਬ੍ਰਿਟੇਨ 'ਚ ਭੜਕੇ ਦੰਗਿਆਂ ਮਗਰੋਂ ਇਕ ਹਜ਼ਾਰ ਤੋਂ ਵਧੇਰੇ ਲੋਕ ਕੀਤੇ ਗਏ ਗ੍ਰਿਫਤਾਰ




ਅਧਿਕਾਰੀਆਂ ਨੇ ਮੰਗਲਵਾਰ ਨੂੰ ਦੱਸਿਆ ਕਿ ਬ੍ਰਿਟੇਨ ਦੀ ਪੁਲਸ ਨੇ ਇੰਗਲੈਂਡ ਵਿਚ ਪਿਛਲੇ ਦੋ ਹਫਤਿਆਂ ਦੌਰਾਨ ਹੋਏ ਦੰਗਿਆਂ ਵਿਚ 1000 ਤੋਂ ਵਧੇਰੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਨੈਸ਼ਨਲ ਪੁਲਸ ਚੀਫ ਕੌਂਸਲ (ਐੱਨਪੀਸੀਸੀ) ਨੇ 14 ਅਕਤੂਬਰ ਨੂੰ ਕਿਹਾ ਕਿ ਦੇਸ਼ ਭਰ ਵਿਚ ਸੁਰੱਖਿਆ ਬਲਾਂ ਨੇ ਹਾਲੀਆ ਹਿੰਸਕ ਘਟਨਾਵਾਂ ਦੇ ਸਬੰਧ ਵਿਚ 1000 ਤੋਂ ਵਧੇਰੇ ਗ੍ਰਿਫਤਾਰੀਆਂ ਕੀਤੀਆਂ ਹਨ। ਘੱਟ ਤੋਂ ਘੱਟ 575 ਲੋਕਾਂ 'ਤੇ ਦੋਸ਼ ਲਾਏ ਗਏ ਹਨ ਤੇ ਅਦਾਲਤਾਂ ਇਸ ਹਿੰਸਾ ਵਿਚ ਸ਼ਾਮਲ ਲੋਕਾਂ ਨਾਲ ਨਜਿੱਠਣ ਵਿਚ ਲੱਗੀ ਹੋਈ ਹੈ। ਇਹ ਹਿੰਸਾ 29 ਜੁਲਾਈ ਨੂੰ ਚਾਕੂ ਹਮਲੇ ਦੌਰਾਨ ਕੀਤੀ ਗਈ ਤਿੰਨ ਲੜਕੀਆਂ ਦੀ ਹੱਤਿਆ ਤੋਂ ਬਾਅਦ ਇੰਗਲੈਂਡ ਤੇ ਉੱਤਰੀ ਆਇਰਲੈਂਡ ਦੇ ਦਰਜਨਾਂ ਸ਼ਹਿਰਾਂ ਤੇ ਕਸਬਿਆਂ ਵਿਚ ਹੋਈ ਸੀ। ਚਾਕੂ ਹਮਲੇ ਦੇ ਕਥਿਤ ਅਪਰਾਧੀ ਦੀ ਪਛਾਣ ਦੇ ਬਾਰੇ ਵਿਚ ਗਲਤ ਸੂਚਨਾ ਫੈਲਣ ਤੋਂ ਬਾਅਦ ਖੱਬੇਪੱਖੀ ਦੰਗੇ ਭੜਕ ਗਏ, ਤੇ ਹਾਲ ਦੇ ਦਿਨਾਂ ਵਿਚ ਆਨਲਾਈਨ ਨਫਰਤ ਫੈਲਾਉਣ ਦੇ ਲਈ ਕਈ ਲੋਕਾਂ ਨੂੰ ਜੇਲ੍ਹ ਭੇਜਿਆ ਗਿਆ ਹੈ।

# ਰਾਜਸਥਾਨ ਦੇ ਮਸ਼ਹੂਰ ਸ਼ਿਵ ਮੰਦਰ



ਮਹੱਤਵਪੂਰਨ ਸ਼ਕਤੀ ਪੀਠਾਂ ਵਿੱਚੋਂ ਇੱਕ, ਕਾਲੀਘਾਟ ਮੰਦਿਰ ਦੇਵੀ ਕਾਲੀ ਦਾ ਪ੍ਰਾਚੀਨ ਮੰਦਰ ਹੈ ਜੋ 1809 ਵਿੱਚ ਸਬਰਨਾ ਰਾਏ ਚੌਧਰੀ ਪਰਿਵਾਰ ਦੀ ਸਰਪ੍ਰਸਤੀ ਹੇਠ ਪੂਰਾ ਹੋਇਆ ਸੀ। ਇਹ ਮੰਨਿਆ ਜਾਂਦਾ ਹੈ ਕਿ ਜਿਸ ਸਥਾਨ 'ਤੇ ਮੰਦਰ ਸਥਿਤ ਹੈ, ਉਹ ਜਗ੍ਹਾ ਸੀ ਜਿੱਥੇ ਮਾਤਾ ਸਤੀ ਦੇ ਸੱਜੇ ਪੈਰ ਦੀ ਉਂਗਲੀ ਡਿੱਗੀ ਸੀ। ਤਿੰਨ ਭਿਆਨਕ ਅੱਖਾਂ, ਫੈਲੀ ਹੋਈ ਜੀਭ ਅਤੇ ਚਾਰ ਬਾਹਾਂ ਸਮੇਤ ਸ਼ਾਨਦਾਰ ਵਿਸ਼ੇਸ਼ਤਾਵਾਂ ਵਾਲੀ ਦੇਵੀ ਦੀ ਮੂਰਤੀ ਬਹੁਤ ਹੀ ਆਕਰਸ਼ਕ ਦਿਖਾਈ ਦਿੰਦੀ ਹੈ ਅਤੇ ਸੈਲਾਨੀਆਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਇਹ 200 ਸਾਲ ਪੁਰਾਣਾ ਮੰਦਰ ਆਦਿ ਗੰਗਾ ਨਦੀ ਦੇ ਕੰਢੇ ਸਥਿਤ ਹੈ ਅਤੇ ਰੋਜ਼ਾਨਾ ਵੱਡੀ ਗਿਣਤੀ 'ਚ ਸ਼ਰਧਾਲੂ ਇੱਥੇ ਆਉਂਦੇ ਹਨ।



ਹੁਗਲੀ ਨਦੀ ਦੇ ਕਿਨਾਰੇ ਸਥਿਤ, ਦਕਸ਼ੀਨੇਸ਼ਵਰ ਕਾਲੀ ਮੰਦਿਰ ਕੋਲਕਾਤਾ ਵਿੱਚ ਇੱਕ ਮਸ਼ਹੂਰ ਕਾਲੀ ਮੰਦਿਰ ਹੈ ਜੋ ਪੂਰੀ ਤਰ੍ਹਾਂ ਦੇਖਣ ਯੋਗ ਹੈ। ਇਹ ਮੰਦਰ 1855 ਵਿੱਚ ਰਾਣੀ ਰਸ਼ਮੋਨੀ ਦੁਆਰਾ ਸੁਪਨੇ ਵਿੱਚ ਦੇਵੀ ਤੋਂ ਸੰਦੇਸ਼ ਮਿਲਣ ਤੋਂ ਬਾਅਦ ਬਣਾਇਆ ਗਿਆ ਸੀ। ਇਸ ਸੁੰਦਰ ਕਾਲੀ ਮੰਦਿਰ ਵਿੱਚ ਤਿੰਨ ਮੰਜ਼ਿਲਾਂ ਹਨ ਅਤੇ ਸੁੰਦਰ ਨੌਂ ਸਪਾਇਰਾਂ ਦੇ ਨਾਲ ਨਵਰਾਤ ਸ਼ੈਲੀ ਦਾ ਆਰਕੀਟੈਕਚਰ ਹੈ।



ਮਸ਼ਹੂਰ ਉਦਯੋਗਪਤੀ ਪਰਿਵਾਰ ਦੁਆਰਾ ਬਣਾਇਆ ਗਿਆ, ਬਿਰਲਾ ਮੰਦਰ ਕੋਲਕਾਤਾ ਦੇ ਸਭ ਤੋਂ ਸੁੰਦਰ ਮੰਦਰਾਂ ਵਿੱਚੋਂ ਇੱਕ ਹੈ ਜਿਸਨੂੰ ਵੱਡੀ ਗਿਣਤੀ ਵਿੱਚ ਲੋਕ ਜਾਂਦੇ ਹਨ। ਇਹ ਮੰਦਰ ਭਗਵਾਨ ਵਿਸ਼ਨੂੰ ਨੂੰ ਸਮਰਪਿਤ ਹੈ ਜੋ ਸ਼੍ਰੀ ਵੈਂਕਟੇਸ਼ਵਰ ਦੇ ਰੂਪ ਵਿੱਚ ਰਹਿੰਦੇ ਸਨ। ਮੰਦਰ ਗੁੰਝਲਦਾਰ ਪੱਥਰ ਅਤੇ ਸ਼ਾਨਦਾਰ ਆਰਕੀਟੈਕਚਰ ਨੂੰ ਪ੍ਰਦਰਸ਼ਿਤ ਕਰਦਾ ਹੈ। ਸਾਰਾ ਮੰਦਰ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ ਅਤੇ ਗੁੰਬਦਾਂ ਵਿੱਚ ਨਾਜ਼ੁਕ ਵੇਰਵੇ ਹਨ। ਇਹ ਆਗਰਾ, ਮੁਜ਼ੱਫਰਪੁਰ, ਅਤੇ ਮਿਰਜ਼ਾਪੁਰ ਨਾਲ ਸਬੰਧਤ ਕਾਰੀਗਰਾਂ ਦੁਆਰਾ ਉੱਕਰੀ ਹੋਈ ਇੱਕ ਮਾਸਟਰਪੀਸ ਵਾਂਗ ਜਾਪਦਾ ਹੈ।



ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਦੁਆਰਾ ਦਰਸ਼ਨ ਕੀਤੇ, ਸ਼੍ਰੀ ਬਾਲ ਹਨੂੰਮਾਨ ਮੰਦਿਰ ਕੋਲਕਾਤਾ ਵਿੱਚ ਸਭ ਤੋਂ ਮਸ਼ਹੂਰ ਮੰਦਰਾਂ ਵਿੱਚ ਸੂਚੀਬੱਧ ਹੈ। ਇਹ ਮੰਦਰ ਭਗਵਾਨ ਹਨੂੰਮਾਨ ਨੂੰ ਸਮਰਪਿਤ ਹੈ ਜਿਸ ਨੂੰ ਪਿਆਰ ਨਾਲ ਬਜਰੰਗਬਲੀ ਕਿਹਾ ਜਾਂਦਾ ਹੈ। ਮੰਦਿਰ ਵਿੱਚ ਵਧੀਆ ਅੰਦਰੂਨੀ ਅਤੇ ਸ਼ਾਂਤ ਮਾਹੌਲ ਹੈ। ਭਗਵਾਨ ਹਨੂੰਮਾਨ ਦੀ ਮੂਰਤੀ ਬਹੁਤ ਆਕਰਸ਼ਕ ਹੈ ਅਤੇ ਤਾਕਤ ਅਤੇ ਸ਼ਕਤੀ ਦਾ ਪ੍ਰਤੀਕ ਹੈ। ਮੰਗਲਵਾਰ ਅਤੇ ਸ਼ਨੀਵਾਰ ਨੂੰ ਮੰਦਰ ਵਿਅਸਤ ਰਹਿੰਦਾ ਹੈ ਕਿਉਂਕਿ ਹਫਤੇ ਦੇ ਇਹ ਦਿਨ ਭਗਵਾਨ ਹਨੂੰਮਾਨ ਦੀ ਪੂਜਾ ਲਈ ਸ਼ੁਭ ਮੰਨੇ ਜਾਂਦੇ ਹਨ।




ਚੀਨੀ ਕਾਲੀ ਮੰਦਿਰ ਕੋਲਕਾਤਾ ਵਿੱਚ ਇੱਕ ਹੋਰ ਸੁੰਦਰ ਮੰਦਰ ਹੈ ਜੋ ਆਪਣੇ ਵਿਲੱਖਣ ਰੀਤੀ-ਰਿਵਾਜਾਂ ਲਈ ਪ੍ਰਸਿੱਧ ਹੈ। ਕੋਲਕਾਤਾ ਵਿੱਚ ਇਹ ਮਸ਼ਹੂਰ ਮੰਦਰ ਸੱਭਿਆਚਾਰਕ ਸਮਾਵੇਸ਼ ਦਾ ਇੱਕ ਉੱਤਮ ਉਦਾਹਰਣ ਹੈ। ਤਿੱਬਤੀ ਅਤੇ ਚੀਨੀਆਂ ਦੀ ਵੱਡੀ ਆਬਾਦੀ ਦੇ ਕਾਰਨ, ਇਹ ਮੰਦਰ ਮਿਸ਼ਰਤ ਸੱਭਿਆਚਾਰ ਦਾ ਸੱਚਾ ਪ੍ਰਤੀਬਿੰਬ ਹੈ। ਇਸ ਮੰਦਿਰ ਵਿੱਚ ਕੋਈ ਵੀ ਤਿੱਬਤੀ ਅਤੇ ਦੱਖਣ-ਪੂਰਬੀ ਏਸ਼ੀਆਈ ਸੰਸਕ੍ਰਿਤੀ ਦੇ ਸੁਚੱਜੇ ਮਿਸ਼ਰਣ ਦਾ ਆਨੰਦ ਲੈ ਸਕਦਾ ਹੈ ਜੋ ਕਿ ਬਹੁਤ ਘੱਟ ਮਿਲਦਾ ਹੈ। ਮੰਦਰ ਦਾ ਇਕ ਹੋਰ ਦਿਲਚਸਪ ਆਕਰਸ਼ਣ ਪ੍ਰਸਾਦਮ ਹੈ। ਹਾਂ, ਇੱਥੇ ਆਉਣ ਵਾਲੇ ਸੈਲਾਨੀਆਂ ਨੂੰ ਪ੍ਰਸ਼ਾਦ ਦੇ ਤੌਰ 'ਤੇ ਨੂਡਲਜ਼ ਅਤੇ ਸੂਏ ਕੱਟੇ ਜਾਂਦੇ ਹਨ। ਇਸ ਲਈ ਪਰੰਪਰਾਵਾਂ ਦੇ ਸ਼ਾਨਦਾਰ ਸੁਮੇਲ ਨੂੰ ਦੇਖਣ ਲਈ ਚੀਨੀ ਕਾਲੀ ਮੰਦਰ ਦਾ ਦੌਰਾ ਕਰਨਾ ਯਕੀਨੀ ਬਣਾਓ।



ਕੋਲਕਾਤਾ ਵਿੱਚ ਸਭ ਤੋਂ ਪ੍ਰਮੁੱਖ ਧਾਰਮਿਕ ਸਥਾਨਾਂ ਵਿੱਚੋਂ ਇੱਕ, ਬੇਲੂਰ ਮੱਠ ਰਾਮਕ੍ਰਿਸ਼ਨ ਮਿਸ਼ਨ ਦਾ ਦਿਲ ਹੈ ਜੋ ਕਿ ਵਿਸ਼ਵਵਿਆਪੀ ਵਿਸ਼ਵਾਸ ਦਾ ਪ੍ਰਤੀਨਿਧ ਹੈ। ਕੋਲਕਾਤਾ ਦੇ ਇਸ ਮਸ਼ਹੂਰ ਮੰਦਰ ਨੂੰ ਵਿਰਾਸਤੀ ਸਥਾਨ ਵਜੋਂ ਵੀ ਮੰਨਿਆ ਜਾਂਦਾ ਹੈ ਜਿਸਦਾ ਰਾਸ਼ਟਰੀ ਮਹੱਤਵ ਹੈ। 40 ਏਕੜ ਵਿਚ ਫੈਲੇ ਇਸ ਵਿਸ਼ਾਲ ਮੰਦਰ ਕੰਪਲੈਕਸ ਵਿਚ ਹਿੰਦੂ, ਈਸਾਈ ਅਤੇ ਮੁਸਲਿਮ ਭਾਈਚਾਰਿਆਂ ਵਿਚ ਭਾਈਚਾਰਕ ਸਾਂਝ ਦਾ ਸੰਦੇਸ਼ ਫੈਲਾਉਣ ਵਾਲੇ ਚਾਰ ਮਿੰਨੀ ਮੰਦਰ ਹਨ। ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਲੋਕ ਦਿਲਾਸੇ ਅਤੇ ਅਧਿਆਤਮਿਕ ਪੂਰਤੀ ਲਈ ਇੱਥੇ ਆਉਂਦੇ ਹਨ। ਇਹ ਯਕੀਨੀ ਤੌਰ 'ਤੇ ਤੁਹਾਡੇ ਕੋਲਕਾਤਾ ਮੰਦਰ ਦੇ ਟੂਰ ਪ੍ਰੋਗਰਾਮ 'ਤੇ ਹੋਣਾ ਚਾਹੀਦਾ ਹੈ.



ਰਾਏ ਬਦਰੀਦਾਸ ਬਹਾਦੁਰ ਮੁਕੀਮ ਦੁਆਰਾ 1867 ਵਿੱਚ ਬਣਾਇਆ ਗਿਆ, ਪਰੇਸ਼ਨਾਥ ਜੈਨ ਮੰਦਿਰ ਉਰਫ਼ ਪਾਰਸ਼ਵਨਾਥ ਮੰਦਿਰ ਕੋਲਕਾਤਾ ਵਿੱਚ ਇੱਕ ਮਸ਼ਹੂਰ ਜੈਨ ਮੰਦਰ ਹੈ ਜਿੱਥੇ ਤੁਸੀਂ ਸ਼੍ਰੀ ਸ਼ੀਤਲਨਾਥ ਜੀ ਦੀ ਬ੍ਰਹਮ ਕਿਰਪਾ ਦਾ ਅਨੁਭਵ ਕਰ ਸਕਦੇ ਹੋ। ਇਹ ਆਰਕੀਟੈਕਚਰ ਅਤੇ ਸਜਾਵਟ ਦੇ ਰੂਪ ਵਿੱਚ ਕੋਲਕਾਤਾ ਦੇ ਸਭ ਤੋਂ ਸੁੰਦਰ ਮੰਦਰਾਂ ਵਿੱਚੋਂ ਇੱਕ ਹੈ। ਮੰਦਰ ਕੰਪਲੈਕਸ ਵਿੱਚ ਸ਼ੀਤਲਨਾਥ, ਚੰਦਰਪ੍ਰਭੂਜੀ, ਮਹਾਵੀਰ ਸਵਾਮੀ ਅਤੇ ਕੁਸ਼ਲ ਮਹਾਰਾਜ ਮੰਦਰ ਨੂੰ ਸਮਰਪਿਤ 4 ਸ਼ਾਨਦਾਰ ਡਿਜ਼ਾਈਨ ਕੀਤੇ ਗਏ ਮੰਦਰ ਸ਼ਾਮਲ ਹਨ। ਇਸ ਤੋਂ ਇਲਾਵਾ, ਆਰਾਮਦਾਇਕ ਠਹਿਰਨ ਲਈ ਮੰਦਰ ਕੰਪਲੈਕਸ ਵਿੱਚ ਇੱਕ ਅਜਾਇਬ ਘਰ, ਕੁਝ ਮਹਿਮਾਨ ਕਮਰੇ ਅਤੇ ਇੱਕ ਚੰਗੀ ਤਰ੍ਹਾਂ ਤਿਆਰ ਕੀਤਾ ਬਾਗ ਹੈ।

ਜੇਕਰ ਤੁਸੀਂ ਬੇਮਿਸਾਲ ਆਰਕੀਟੈਕਚਰ ਦੇ ਨਾਲ ਇੱਕ ਵਿਲੱਖਣ ਮੰਦਿਰ ਦੇਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਹੰਗੇਸ਼ਵਰੀ ਮੰਦਿਰ ਦਾ ਦੌਰਾ ਕਰਨਾ ਚਾਹੀਦਾ ਹੈ ਜੋ ਕਿ ਡਿਜ਼ਨੀ ਵਰਲਡ ਦੇ ਇੱਕ ਕਿਲ੍ਹੇ ਨਾਲ ਇੱਕ ਸ਼ਾਨਦਾਰ ਸਮਾਨਤਾ ਹੈ। ਇਹ ਕਾਲੀ ਮੰਦਰ ਕੋਲਕਾਤਾ ਤੋਂ 55 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੰਦਰ ਵਿੱਚ 13 ਮੀਨਾਰ ਹਨ ਜੋ ਉਭਰਦੇ ਕਮਲ ਦੇ ਫੁੱਲਾਂ ਤੋਂ ਪ੍ਰੇਰਨਾ ਲੈਂਦੇ ਹਨ। ਦੇਵੀ ਕਾਲੀ ਦੀ ਮੂਰਤੀ ਬਹੁਤ ਹੀ ਆਕਰਸ਼ਕ ਹੈ ਅਤੇ ਨਿੰਮ ਦੇ ਰੁੱਖ ਦੀ ਲੱਕੜ ਤੋਂ ਬਣਾਈ ਗਈ ਹੈ। ਇਸ ਤੋਂ ਇਲਾਵਾ, ਇਹ ਸ਼ਾਨਦਾਰ ਮੰਦਿਰ ਇੱਕ ਵਿਰਾਸਤੀ ਸਥਾਨ ਹੈ ਜਿਸ ਨੂੰ ਭਾਰਤੀ ਪੁਰਾਤੱਤਵ ਸਰਵੇਖਣ ਦੁਆਰਾ ਇੱਕ ਵਿਰਾਸਤੀ ਸਥਾਨ ਵਜੋਂ ਸੰਭਾਲਿਆ ਜਾਂਦਾ ਹੈ।

